Regd No. D/339/57. ੧ ਓ Regd No. P/9.

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਤਿਜੁਗ

ਸ੍ਰੀ ਜੀਵਨ ਨਗਰ

ਰੁਬਾਈਆਂ

ਫਸਲਾਂ ਤੇ ਇਕ ਜੋਬਨ ਆਇਆ, ਧਰਤੀ ਮਉਲੀ ਮਹਿਕੀ ।
ਪੌਣਾਂ ਨੂੰ ਇਕ ਨਸ਼ਾ ਥਿਆਇਆ, ਕਲੀ ਝੂਮਦੀ ਟਹਿਕੀ ।
ਸੂਹੇ ਰੰਗ ਗਗਨਾਂ ਤੇ ਚਮਕੇ, ਸੂਰਜ ਖਿੜ ਖਿੜ ਹਸਿਆ:
ਅਜ ਬਸੰਤ ਆਈ ਘਰ ਸਾਡੇ, ਰੂਹ ਮਾਨੁਖ ਦੀ ਚਹਿਕੀ ।

ਸਤਿਗੁਰ ਆਏ, ਧੁੰਦਾਂ ਮਿਟੀਆਂ, ਹੋਇਆ ਦੂਰ ਹਨੇਰਾ ।
ਮਾਨੁਖਤਾ ਨੂੰ ਮਿਲੀ ਜ਼ਿੰਦਗੀ, ਚੁਕਿਆ ਕੂਹਜਾਂ ਡੇਰਾ ।
ਘਰ ਘਰ ਗੀਤ ਖੁਸ਼ੀ ਦੇ ਗੂੰਜੇ, ਜੰਮੇ ਪਾਨੀ ਪੰਘਰੇ:
ਚੀਨੀ ਵਾਲੇ ਸਤਿਗੁਰ ਜੀ ਦਾ ਝੁਲਣਾ ਅਮਨ-ਫਰੇਰਾ ।

[ਪੀਤਮ ਸਿੰਘ ਕਵੀ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੇਸ ਸ੍ਰੀ ਜੀਵਨ ਨਗਰ ਜ਼ਿਲਾ ਹਿਸਾਰ ਵਿਖੇ ਗੁਰਦਿਆਲ ਸਿੰਘ
ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ ਤੇ ਦਫਤਰ ਸਤਿਜੁਗ
ਸ੍ਰੀ ਜੀਵਨ ਨਗਰ ਵਿਚੋਂ ਪ੍ਰਕਾਸ਼ਤ ਹੋਇਆ।

ਅਡੀਟਰ ਗੁਰਦਿਆਲ ਸਿੰਘ

੧ ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਤਿਜੁਗ ਸਚੁ ਕਹੈ ਸਭੁ ਕੋਈ । ਘਰਿ ਘਰਿ ਗੁਰਮੁਖਿ ਭਗਤ ਹੋਈ ।।

ਸਤਿਜੁਗ

ਦਾ

ਬਸੰਤ–ਅੰਕ

ਜਿ: ੩੫] ੨੦ ਮਾਘ ਵੀਰਵਾਰ ਸੰ: ੨੦੧੬ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੪੫ [ਨੰ: ੧

ਉਡੀਕਾਂ

[ਸ੍ਰੀ ਦਲਬੀਰ ਸਿੰਘ ਜੀ ਤਰਸ ਅਸਟਰੇਲ ਆ

ਆਇਆ ਨਿਕੇ ਨਿਕੇ ਫੁਲਾਂ ਉਤੇ
ਫਿਕਾ ਫਿਕਾ ਰੰਗ ।
ਆਇਆ ਨਿਘੀ ਨਿਘੀ ਰੁਤਾਂ ਵਿਚ
ਭਿੰਨਾ ਭਿੰਨਾ ਨੂਰ ।
ਅਜ ਮੌਲੀ ਮੌਲੀ ਧਰਤੀ ਦੇ
ਕੂਲੇ ਕੂਲੇ ਅੰਗ ।
ਅਜ ਮਿਠੇ ਮਿਠੇ ਮੋਤੀਆਂ ਦੀ
ਠੰਢੀ ਠੰਢੀ ਭੂਰ ।
ਅਜ ਗੋਰਾ ਗੋਰਾ ਚੰਨ, ਤਾਰੇ
ਚਿਟੇ ਚਿਟੇ ਸੰਗ ।
ਸੁਹਣੀ ਸੁਹਣੀ ਖਿਤੀਆਂ ਦੇ
ਭਰੇ ਭਰੇ ਪੂਰ ।
ਅਜ ਤਾਜ਼ੀ ਤਾਜ਼ੀ ਜ਼ਿੰਦਗੀ ਦੇ
ਨਵੇਂ ਨਵੇਂ ਢੰਗ ।
ਅਜ ਤੇਜ਼ ਤੇਜ਼ ਤੋਰਾਂ ਉਤੇ
ਰੱਤਾ ਰੱਤਾ ਬੂਰ ।
ਮੇਰੇ ਸੁਕੇ ਸੁਕੇ ਢੋਲਾਂ ਵਿਚ
ਜਿੰਦ ਤੰਗ ਤੰਗ ।
ਇਕੋ ਇਕ ਮਾਹੀ, ਉਹ ਭੀ
ਬੜੀ ਬੜੀ ਦੂਰ ।

Namdhari Elibrary NamdhariElibrary@gmail.com

ਮਨੁਖਾ ਜੀਵਨ ਦੀ ਬਸੰਤ

ਮਨੁਖ ਨੇ ਜਦੋਂ ਪਹਿਲੀ ਵਾਰ ਧਰਤੀ ਤੇ ਅਪਣੀਆਂ ਪਲਕਾਂ ਖੋਲ੍ਹੀਆਂ, ਉਸ ਤੋਂ ਪਹਿਲੋਂ ਵੀ ਬਸੰਤ ਸ੍ਰਿਸ਼ਟੀ ਤੇ ਮੌਜੂਦ ਸੀ। ਬਿਰਛ ਬੂਟੇ ਪੁਰਾਣੇ ਪੱਤਰਾਂ ਨੂੰ ਡੇਗ ਨਵੀਆਂ ਨਵੀਆਂ ਕੋਂਪਲਾਂ ਨਾਲ ਕੁਦਰਤ ਦੀ ਕਿਰਤਗਤਾ ਅਦਾ ਕਰਦੇ। ਸਾਰੀ ਕਾਇਨਾਤ ਵਿੱਚ ਪੁਰਾਣੇ ਲਹੂ (ਰਸ) ਦੀ ਥਾਂ, ਪੁਰਾਣੀਆਂ ਤੇ ਬੁਸੀਆਂ ਫਿਜ਼ਾਵਾਂਦੀ ਥਾਂ ਨਵਾਂ ਲਹੂ, ਨਵੀਂ ਗਰਮੈਸ਼ ਤੇ ਨਵੇਂ ਮਹਾਉਲ ਨਜ਼ਰ ਪੈਂਦੇ। ਸੂਰਜ ਦੀ ਚਮਕ ਦਾ ਸੁਆਦ ਬਦਲ ਜਾਂਦਾ, ਚੰਦੇ ਦੀ ਡਲ੍ਹਕ ਦਾ ਦ੍ਰਿਸ਼ ਕੁਝ ਵਖਰਾ ਹੁੰਦਾ। ਸਿਆਲਾ ਆਪਣਾ ਜੋਬਨ ਬਿਤਾ ਜਾਂਦਾ, ਹੁਨਾਲਾ ਨਵੇਂ ਨਖਰਿਆਂ ਨਾਲ ਮੁਸਕਰਾਂਦਾ ਤੁਰਿਆ ਆਉਂਦਾ। ਪਸ਼ੂ ਪੰਛੀ ਸਾਰੇ ਹੀ ਅਗਿਆਤ ਅਵਸਥਾ ਵਿੱਚ ਵੀ ਕੁਦਰਤ ਦੀ ਇਸ ਤਬਦੀਲੀ ਨੂੰ ਕੁਝ ਮਹਿਸੂਸ ਕਰਦੇ।

ਪਰ ਮਨੁਖ ਦਾ ਇਸ ਕੁਦਰਤੀ ਮਹਾਉਲ ਵਿੱਚ ਜਨਮ ਲੈ ਲੈਣਾ ਵੀ ਬਹਾਰੋਂ ਕੋਈ ਘੱਟ ਗੱਲ-ਨਹੀਂ ਸੀ। ਸਚ ਪੁਛੋ ਤਾਂ ਜ਼ਿੰਦਗੀ ਵਿੱਚ ਪਹਿਲੀ ਬਸੰਤ ਓਦੋਂ ਹੀ ਆਈ ਜਦੋਂ ਮਨੁਖ ਦਾ ਬੱਚਾ ਪਹਿਲੀ ਵਾਰ ਕੁਦਰਤ ਦੀ ਗੋਦ ਵਿੱਚ ਖੇਡਿਆ। ਪਰ ਇਸ ਨੂੰ ਵਡੇ ਹੋਣ ਤੇ ਵੀ ਕਿੰਨਾ ਹੀ ਚਿਰ ਕੁਦਰਤ ਦੀ ਦਾਤ–ਬਸੰਤ–ਦਾ ਖਿਆਲ ਨਾ ਹੋਇਆ। ਇਹ ਜੰਗਲੀ ਜੀਵ ਹੀ ਸੀ। ਸੈਂਕੜੇ ਸਾਲਾਂ ਦੀ ਜ਼ਿੰਦਗੀ ਪਿਛੋਂ ਇਸ ਨੂੰ ਅਹਿਸਾਸ ਕਰਨ ਦੀ ਆਦਤ ਪਈ ਤੇ ਇਸ ਨੇ ਕੁਦਰਤ ਦੀ ਇਸ ਦਾਤ–ਬਸੰਤ–ਨੂੰ ਆਪਣੇ ਗਿਰਦ ਮੁਸਕਰਾਂਦੇ ਤਕਿਆ। ਜਦੋਂ ਜੰਗਲੀ ਫੁੱਲਾਂ ਦਾ ਖੇੜਾ ਇਸ ਤਕਣਾਂ ਤਾਂ ਚਾਵਾਂ ਨਾਲ ਝੂਮ ਉਠਣਾ। ਹੱਸਣਾ, ਨੱਚਣਾ, ਗੌਣਾ ਤੇ ਫੁਲ ਤੋੜ ਤੋੜ ਕੇ ਆਪਣੀ ਖੂਬਸੂਰਤੀ ਨੂੰ ਚਮਕਾਣ ਲਈ ਜੂੜਿਆਂ ਕੰਨਾਂ ਵਿੱਚ ਟੁੰਗਣਾਂ।

* * * *

ਪੁਰਾਣਾ ਭਾਰਤ ਓਨਾ ਸ਼ਹਿਰਾਂ ਗਿਰਾਵਾਂ ਉਤੇ ਭਰੋਸਾ ਨਹੀਂ ਸੀ ਰਖਦਾ ਜਿੰਨਾ ਜੰਗਲਾਂ ਵਿੱਚ ਸੰਤਾਂ ਰਿਖੀਆਂ ਮੁਨੀਆਂ ਦੇ ਆਸਰਮਾਂ ਉਤੇ ਇਹ ਦਾ ਨਿਹਚਾ ਸੀ। ਸ਼ਹਿਰੀਂ ਵਸਦੇ ਮਨੁਖ ਕੁਦਰਤ ਤੋਂ ਦੂਰ ਚਲੀ ਜਾ ਰਹੇ ਸਨ। ਮਨੁਖ ਨੇ ਸਹਿਜੇ ਸਹਿਜੇ ਹਾਲਾਤ ਤੇ ਕਾਬੂ ਪਾਉਣਾ ਸਿਖ ਲਿਆ।

ਹਾਲਾਤ ਮਨੁਖ ਨੂੰ ਬਦਲਣ ਤੇ ਮਜਬੂਰ ਕਰਦੇ ਹਨ ਤੇ ਮਨੁਖ ਇਕ ਘੜੀ ਹਾਲਾਤ ਤਬਦੀਲ ਕਰ ਧਰਦਾ ਹੈ। ਏਹ ਖੇਡ ਜੁਗਾਂ ਜੁਗਾਂਤਰਾਂ ਤੋਂ ਤੁਰੀ ਆਈ ਹੈ।

ਕੁਦਰਤ ਦੇ ਨੇੜੇ ਰਹਿਣ ਵਾਲੇ, ਕੁਦਰਤ ਦਾ ਰਸ ਮਾਣਨ ਤੇ ਜਾਣਨ ਵਾਲੇ, ਅਨੇਕਾਂ ਬਸੰਤਾਂ ਨਾਲ ਸੁਆਦ ਸੁਆਦ ਹੋਣ ਵਾਲੇ ਲੋਕਾਂ ਅੰਦਰ ਹੀ ਕਵਿਤਾ ਫੁੱਟੀ, ਸਾਹਿਤ ਨੇ ਅੰਗੜਾਈ ਲਈ। ਕਵਿਤਾ ਤੇ ਸਾਹਿਤ ਮਨੁਖ ਦੇ ਉਸ ਅੰਦਰਲੇ ਹੁਸਨ ਦਾ ਪ੍ਰਗਟਾਵਾ ਸੀ, ਜੋ ਸੈਆਂ ਹਜ਼ਾਰਾਂ ਬਸੰਤਾਂ ਦੇ ਖਿੜਾਉ ਨੇ ਉਸ ਦੇ ਅੰਦਰ ਕੁਤਕੁਤਾ ਕਢਿਆ। ਮਨੁਖ ਨੇ ਵੇਦ ਰਚੇ–ਗ੍ਰੰਥ ਲਿਖੇ। ਬਹਾਰਾਂ ਨੂੰ ਜਾਣਿਆਂ ਤੇ ਮਾਣਿਆਂ। ਪਰ ਮਨੁਖਾ ਜ਼ਿੰਦਗੀ ਦੀ ਬਹਾਰ ਕਦੇ ਓਦੋਂ ਹੀ ਆਉਂਦੀ ਰਹੀ ਜਦੋਂ ਇਸ ਨੇ ਆਪਣੀ ਰੂਹਾਨੀ ਤੇ ਆਰਥਕ ਕਦਰ ਪੈਦਾ ਕਰਨ ਵਾਲੀ ਕੋਈ ਨਵੀਂ ਚੀਜ਼ ਲਭੀ, ਨਵੇਂ ਸੰਦ ਲਭੇ, ਨਵੇਂ ਆਚਾਰ ਲਭੇ, ਨਵੇਂ ਵਿਚਾਰ ਲੱਭੇ। ਅੱਜ ਦੀ ਮਨੁਖਾ ਸਿਆਣਪ ਦਾ ਖਜ਼ਾਨਾ ਉਹਨਾਂ ਸੁਵੰਨਵੇਂ ਸਿਕਿਆਂ ਦਾ ਹੀ ਮੇਲ ਹੈ ਜੋ ਇਸ ਨੇ ਆਪਣੀ ਜੁਗਾਂ ਪੁਰਾਣੀ ਜ਼ਿੰਦਗੀ ਵਿੱਚੋਂ ਹਰ ਨਵੀਂ ਉਠ ਦੀ ਵਿਚਾਰ–ਛਲਕ ਚੋਂ ਪ੍ਰਾਪਤ ਕੀਤੇ।

ਸਦਾ ਹੀ ਇਸ ਦੀ ਸਮਾਜਕ ਕ੍ਰਾਂਤੀ ਪਤ ਝੜ ਦੇ ਬਾਦ ਬਸੰਤ ਦੀ ਬਹਾਰ ਹੋ ਕੇ ਨਿਬੜੀ। ਸਮਾਜ ਜਦੋਂ ਵੀ ਢਹਿੰਦੀਆਂ ਕਲਾਂ ਵਿਚ ਜਾਂਦਾ

ਹੈ, ਜ਼ਿੰਦਗੀ ਅਧਮਰੀ ਹਾਲਤ ਵਿੱਚ ਕਲਵਲ ਖਾਂਦੀ ਹੈ, ਜੀਵਨ ਚੰ ਭਰੋਸਾ ਉਡਦਾ ਜਾਂਦਾ ਹੈ। ਰੂਹਾਨੀ ਤੇ ਸਰੀਰਕ, ਸਭਿਆਚਾਰਕ ਤੇ ਆਰਥਕ ਕਸ਼ਟਾਂ ਦਾ ਖੇਤਰ ਜਿਉਂ ਜਿਉਂ ਵਡੇਰਾ ਹੁੰਦਾ ਹੈ ਤਿਉਂ ਤਿਉਂ ਸਮਾਜ ਦਾ ਕਮਜ਼ੋਰ ਹਿੱਸਾ ਜੀਵਨ ਵਲੋਂ ਬੇਜ਼ਾਰ ਹੋ ਕੇ ਸਵੈ-ਘਾਤਕ ਤਰੀਕੇ ਅਪਣਾ ਲੈਂਦਾ ਹੈ ਤੇ ਬੁਰਾਈਆਂ ਦੀ ਪ੍ਰਬਲਤਾ ਕੁਝ ਇਕਨਾ ਦੀਆਂ ਹਡੀਆਂ ਤੇ ਆਪਣੇ ਮਹਲ ਉਸਾਰਦੀ ਹੈ। ਅਜੇਹੇ ਸਮਿਆਂ ਵਿੱਚ ਜ਼ਿੰਦਗੀ ਮੁੜ ਅਗੇ ਵੱਲ ਨੂੰ ਵਧਣ ਲਈ ਹੰਭਲਾ ਮਾਰਦੀ ਹੈ ਤੇ ਉਸ ਦੇ ਹੰਭਲੇ ਵਿੱਚ ਅਜੇਹੀਆਂ ਤਬਦੀਲੀਆਂ ਰੂਪਮਾਨ ਹੁੰਦੀਆਂ ਹਨ ਜੋ ਪਹਿਲੇ ਸਭ ਕੁਝ ਨੂੰ ਪਤਝੜ ਦਾ ਮਾਲ ਬਣਾ ਦਿੰਦੀਆਂ ਹਨ।

* * * *

ਜਿਥੇ ਇਹ ਹਕੀਕਤ ਸਾਰੀ ਦੁਨੀਆਂ ਦੇ ਮਨੁਖਾਂ, ਦੇਸਾਂ ਤੇ ਸਭਿਆਚਾਰਾਂ ਤੇ ਹਾਵੀ ਹੁੰਦੀ ਹੈ ਓਥੇ ਭਾਰਤ ਭੂਮੀ ਨੂੰ ਵੀ ਇਕ ਵਾਰ ਹੀ ਨਹੀਂ, ਅਨੇਕਾਂ ਵਾਰ ਇਸ ਅਸਲੀਅਤ ਨੂੰ ਹੋਂਦ ਵਿੱਚ ਲਿਆਉਣਾ ਪਿਆ ਅਤੇ ਇਸ ਨਾਲ ਦੋ-ਚਾਰ ਹੋਣਾ ਪਿਆ ਹੈ। ਸਮਾਜ ਦੀ ਗਿਰਾਵਟ ਜਦੋਂ ਵੀ ਜਾਰੀ ਹੋਈ; ਇਸ ਵਿੱਚ ਮਿਕਦਾਰੀ ਤਬਦੀਲੀਆਂ ਅਰੰਭ ਹੋਈਆਂ ਇਕ ਨੁਕਤੇ ਤੇ ਜਾਕੇ ਇਹਨਾਂ ਵਿੱਚ ਇਕ ਤਕੜੀ ਛਾਲ ਵਜੀ ਤੇ ਸਿਫਤੀ ਤਬਦੀਲੀ ਨੇ ਹੋਕੇ ਸਾਰੇ ਸਮਾਜ ਨੂੰ ਹੀ ਇਕ ਨਵਾਂ ਰੰਗ ਦੇ ਦਿਤਾ, ਨਵੀਂ ਆਸ ਤੇ ਨਵੇਂ ਹੁਲਾਰੇ ਨਾਲ ਬਹਾਰ ਦੀ ਰੌਣਕ ਮੁਰਝਾਏ ਚਿਹਰਿਆਂ ਤੇ ਰੁਸ਼ਨਾ ਦਿਤੀ।

ਭਗਵਾਨ ਰਾਮ ਦੇ ਅਵਤਾਰ ਦੀ ਮਹਾਨਤਾ ਕਿਸ ਗਲੋਂ ਹੋ ਸਕਦੀ ਹੈ? ਸਿਰਫ਼ ਏਸੇ ਕਰਕੇ ਕਿ ਉਹ ਰਾਜਾ ਦਸਰਥ ਦੇ ਘਰ ਜਨਮ ਪਏ? ਨਹੀਂ, ਉਹਨਾਂ ਦੀ ਅੱਜ ਤੀਕ ਚਲੀ ਆਉਂਦੀ ਸਰਵੋਤਮ ਮਹਾਨਤਾ ਏਸ ਕਰਕੇ ਹੈ ਕਿ ਉਹਨਾਂ ਨੇ ਜ਼ੋਰ ਪਕੜ ਰਹੀ ਬਦੀ ਦਾ ਮੂੰਹ-ਭੰਨਵਾਂ ਮੁਕਾਬਲਾ ਕੀਤਾ। ਵਿਦਵਾਨ, ਸ਼ਕਤੀ ਸ਼ਾਲੀ ਤੇ ਰਾਜ ਮੱਤਾ ਮੱਤੇ ਹੰਕਾਰੀ ਰਾਵਣ ਦਾ ਬਦੀ-ਪਰਚਾਰ ਜਦੋਂ ਅਮਲੀ ਤੌਰ ਤੇ ਰਾਜ-ਘਰਾਣਿਆਂ ਉਤੇ ਵੀ ਹੱਥ ਉਠਾਣ ਲਗਾ ਤਾਂ ਜ਼ਰੂਰੀ ਸੀ ਕਿ ਉਸ ਨੂੰ ਸਬਕ ਸਿਖਾਇਆ ਜਾਂਦਾ-ਜਦੋਂ ਬਾਂਦਰਾਂ ਤੇ ਰਿਛਾਂ ਨੇ ਹੀ ਉਸ ਦਾ ਇਕ ਲਖ ਪੁਤਰਾਂ ਤੇ ਸਵਾ ਲਖ ਪੋਤਰਿਆਂ ਸਮੇਤ ਕੀਰਤਨ ਸੋਹਲਾ ਪੜ੍ਹ ਦਿਤਾ ਤਾਂ ਸਮਝੋ ਬੁਰਾਈ ਦੀ ਪਤਝੜ ਦੀ ਥਾਂ ਚੰਗਿਆਈ ਦੀ ਬਹਾਰ ਇਕ ਵਾਰ ਮੁੜ ਸਮਾਜਕ ਜੀਵਨ ਤੇ ਮੁਸਕਰਾ ਪਈ-ਤੇ ਇਸੇ ਦੀ ਮੁਸਕ੍ਰਾਣ ਹੀ ਘਰ ਘਰ ਦੀਪਮਾਲਾ ਦੇ ਰੂਪ ਵਿੱਚ ਅਜ ਤਕ ਯਾਦ ਕੀਤੀ ਜਾਂਦੀ ਹੈ। ਬੁਰਿਆਈ ਦੀ ਪਤਝੜ ਜਿਵੇਂ, ਬਿਰਛਾਂ ਦੇ ਝੜੇ ਪਤਿਆਂ ਨੂੰ ਢੇਰ ਲਾਕੇ ਅੱਗ ਲਾ ਦੇਈ ਦੀ ਹੈ, ਤਿਵੇਂ ਹੀ ਹਜ਼ਾਰਾਂ ਲੋਕਾਂ ਦੇ ਸਾਹਵੇਂ ਰਾਵਣ-ਕੁੰਭ ਕਰਨ ਬਣਾ ਕੇ ਸਾੜ ਦਿਤੀ ਜਾਂਦੀ ਹੈ।

ਭਗਵਾਨ ਕ੍ਰਿਸ਼ਨ ਦੀ ਵਡਿਆਈ ਦਾ ਸੋਮਾ ਕੀ ਹੈ? ਏਹੋ ਹੀ ਕਿ ਰਾਜ-ਸੱਤਾ ਜਦੋਂ ਏਨੀ ਅੰਨ੍ਹੀ ਹੋ ਗਈ ਕਿ ਉਹ ਕਿਸੇ ਤਰ੍ਹਾਂ ਵੀ ਨਿਆਉਂ ਦੇਣ ਲਈ ਤਿਆਰ ਨਾ ਹੋਈ ਤਾਂ ਭਗਵਾਨ ਨੇ ਜ਼ਰੂਰੀ ਜਾਣਿਆਂ ਕਿ ਏਸ ਦਾ ਨਾਸ ਕਰਨਾ ਹੀ ਅੱਜ ਮਨੁਖੀ ਬਹਾਰ ਨੂੰ ਕਾਇਮ ਰਖਣਾ ਹੈ। ਤੇ ਉਹ ਸਾਰੇ ਲੋਕ ਚੰਗੀਤਰਾਂ ਜਾਣਦੇ ਹਨ, ਜਿਨ੍ਹਾਂ ਹਿੰਦੂ ਧਰਮ ਗ੍ਰੰਥ ਮਹਾ ਭਾਰਤ ਦਾ ਮੁਤਾਲਿਆ ਕੀਤਾ ਹੈ ਕਿ ਅਰਜਨ ਦੇ ਨਰ-ਸੰਘਾਰ ਦੇ ਡਰ ਨੂੰ ਭਗਵਾਨ ਨੇ ਕਾਇਲ ਕਰੂ ਦਲੀਲਾਂ ਨਾਲ ਦੂਰ ਕਰਕੇ ਧਰਮ ਯੁਧ ਰਚਵਾ ਦਿਤਾ। ਕੌਰਵਾਂ ਦੀ ਕੁਲ ਦਾ ਹੀ ਸਤਿਆਨਾਸ ਕਰਵਾ ਦਿਤਾ। ਇਹ ਜਤਨ ਓਦੋਂ ਹੀ ਏਡਾ ਬੇਕਿਰਕ ਹੋਕੇ ਕੀਤਾ ਗਿਆ ਜਦੋਂ ਸਮਾਜਿਕ ਢਾਂਚੇ ਵਿੱਚ ਕਿਸੇ ਕਿਸਮ ਦੀ ਤਬਦੀਲੀ ਹੋਣੀ ਅਤੀ ਆਵਸ਼ਕ ਹੋ ਗਈ ਸੀ। ਪਾਂਡਵ-ਰਾਜ ਕਾਇਮ ਕਰਕੇ ਭਗਵਾਨ ਕ੍ਰਿਸ਼ਨ ਨੇ ਜ਼ਿੰਦਗੀ ਨੂੰ ਮੁੜ ਬਹਾਰ ਦਿਤੀ।

ਭਗਵਾਨ ਬੁਧ ਨੂੰ ਪਤ-ਝੜ ਦੇ ਦ੍ਰਿਸ਼ਾਂ ਤੋਂ ਪਰੋਖੇ ਰਖਣ ਦੀਆਂ ਸਾਰੀਆਂ ਕੋਸ਼ਸ਼ਾਂ ਨਿਸਫਲ ਗਈਆਂ। ਸੁੰਦਰ ਤੇ ਸਲੋਨੀਆਂ ਸਖੀਆਂ ਦੇ

ਤ੍ਰਿਰਮਟ ਵਿੱਚ, ਸਦਾ ਬਹਾਰੀ ਬਾਗ ਵਿੱਚ ਤੇ ਦੁਖਾਂ ਝੋਰਿਆਂ ਤੋਂ ਰਹਿਤ ਮਹਾਉਲ ਵਿਚ ਬੁਧ ਦੀ ਜੁਆਨੀ ਨੂੰ ਸੰਭਾਲਿਆ ਗਿਆ। ਪਰ ਜ਼ਿੰਦਗੀ ਦੀ ਹਕੀਕਤ ਕਦੋਂ ਲੁਕਾਇਆਂ ਲੁਕ ਸਕਦੀ ਸੀ। ਬੁਢੇ ਰੋਗੀ ਤੇ ਕੁਦ੍ਰਿਸ਼ਾਂ ਦੀ ਪਤਝੜ ਜਦੋਂ ਬੁਧ–ਮਨ ਤੇ ਉਲੀਕੀ ਗਈ–ਓਦੋਂ ਹੀ ਬਹਾਰ ਦੀ ਢੂੰਡ ਵਿਚ ਭਗਵਾਨ ਨਿਕਲ ਤੁਰੇ। ਸੈਂਕੜੇ ਹਠੀਆਂ ਤਪੀਆਂ ਤੇ ਤਿਆਗੀਆਂ ਨੂੰ ਹਕੀਕੀ ਬਸੰਤ ਵੱਲ ਮੋੜਨ ਦਾ ਰੁਖ਼ ਭਗਵਾਨ ਨੇ ਲੋਕਾਂ ਨੂੰ ਦਿਤਾ। ਪਰ ਸਦਾ ਪੁਨੀਤ ਭਗਵਾਨ ਬੁਧ ਦਾ ਬੋਧ ਧਰਮ ਜਦ ਖ਼ੁਦ ਬੋਡਾ ਹੋ ਗਿਆ ਤਾਂ ਉਸਦੀ ਥਾਂ ਸ਼ੰਕਰਾ-ਚਾਰਜ ਜੀ ਨੇ ਭਾਰਤ ਨੂੰ ਫੇਰ ਇਕ ਵਾਰ ਹਲੂ-ਣਿਆਂ। ਜ਼ਿੰਦਗੀ ਨੂੰ ਬਹਾਰ ਦਾ ਚੇਤਾ ਆਇਆ ਪਰ ਮੁੜ ਭਾਰਤ ਨੇ ਲਗ-ਭਗ ਇਕ ਹਜ਼ਾਰ ਸਾਲ ਪਤਝੜ ਦੀ ਹੀਨਤਾ ਦੀਨਤਾ ਵਿਚ ਬਿਤਾਏ ਤੇ ਘੋਰ ਜ਼ੁਲਮ ਘਣੇ ਫੁਲੇ ਫਲੇ। ੩੩ ਕਰੋੜ ਦੀ ਵਸੋਂ ਵਾਲਾ ਦੇਵਤਾ ਹਿੰਦ ਭੇਡਾਂ ਬਕਰੀਆਂ ਤਰਾਂ ਪਛਮੀ ਲੁਟੇਰਿਆਂ ਦੀ ਸ਼ਿਕਾਰ-ਗਾਹ ਬਣਿਆ ਰਿਹਾ। ਹਜ਼ਾਰਾਂ ਲਖਾਂ ਮਣ ਸੋਨਾ ਤੇ ਚਾਂਦੀ ਹੀਰੇ ਜਵਾਹਰਾਤ ਮੁਸਲਿਮ ਪਰਦੇਸਾਂ ਨੂੰ ਜਾਂਦੇ ਰਹੇ ਤੇ ਨਾਲ ਹੀ ਹਜ਼ਾਰਾਂ ਦੀ ਤਾਦਾਦ ਵਿਚ ਭਾਰਤੀ ਇਸਤਰੀ ਪੁਰਸ਼ ਗੁਲਾਮ ਬਣਕੇ ਵਿਕਦੇ ਰਹੇ। ਭਾਰਤੀ ਮਨੁਖ ਇਸਤਰੀ ਦੀ ਕੀਮਤ ਇਕ ਸਮੇਂ ਢਾਈ ਢਾਈ ਰੁਪੇ ਤਕ ਪੈ ਚੁਕੀ ਹੈ। ਇਹ ਕੀ ਸੀ? ਬਹਾਰ ਸੀ? ਨਹੀਂ, ਏਹ ਪਤਝੜ ਸੀ। ਸਾਡੀ ਆਨ ਅਣਖ,ਸਾਡੀ ਉਚਤਾ ਸੁਚਤਾ, ਸਾਡਾ ਸਭਿਆਚਾਰ ਤੇ ਸਾਡਾ ਸਭੋ ਕੁਝ, ਕੁਝ ਅਜੇਹਾ ਬਣ ਗਿਆ ਕਿ ਇਸ ਵਿਚ ਜਿਸਮ ਤਾਂ ਨਜ਼ਰ ਪੈਂਦੇ ਸਨ ਪਰ ਅਸਲੀ ਜਿੰਦ ਅਲੋਪ ਹੋਈ ਪਈ ਸੀ। ਸੈਂਕੜਿਆਂ ਨੇ ਹਜ਼ਾਰਾਂ ਨੂੰ ਅਗੇ ਲਾ ਧਸਿਆ ਪਰ ਹਜ਼ਾਰਾਂ ਅਗੋਂ ਉਭਾਸਰੇ ਤਕ ਨਾ, ਕੇਡੀ ਦੂਰ ਦਸ਼ਾ ਸੀ ਸਮਾਜ ਦੀ! ਜਿਵੇਂ ਹਵਾ ਦਾ ਇਕ ਬੁਲਾ ਸੁਕੇ ਪਤਿਆਂ ਦੇ ਢੇਰਾਂ ਦੇ ਢੇਰ ਉਡਾ ਖੜਦਾ ਹੈ ਤਿਵੇਂ ਹੀ ਸਾਰੇ ਪਛਮੀ ਦੱਰਿਆਂ ਵਲੋਂ ਦੁਸ਼ਮਨ ਆਉਂਦਾ ਤੇ ਭਾਰਤੀ ਲੋਕਾਂ ਦੀ ਮਿਟੀ ਪਲੀਤ ਕਰਦਾ।

ਪਰ ਬਸੰਤ ਨੂੰ ਹਰ ਹਾਲਤ ਵਿਚ ਖਿੜ ਮਹਿ-ਕਣ ਦੀ ਆਦਤ ਹੈ। ਇਸਨੂੰ ਰੋਕਿਆ ਨਹੀਂ ਜਾ ਸਕਦਾ। ਚੜ੍ਹਦੇ ਸੂਰਜ ਨੂੰ ਕੌਣ ਢਕੇ! ਗੁਰੂ ਨਾਨਕ ਪਰਗਟਿਆ। ਇਕ ਵਾਰ ਮੁੜ ਜ਼ਿੰਦਗੀ ਦੇ ਸਵਾਸ ਧੜਕੇ। ਇਕ ਵਾਰ ਮੁੜ ਬਹਾਰ ਦਾ ਖੇੜਾ ਭਾਰਤੀ ਮੁਖ ਤੇ ਡਲ੍ਹਕਿਆ। ਇਕ ਵਾਰ ਮੁੜ ਖਿੜੇ ਰਿਦੇ ਕੰਵਲ ਦੀਆਂ ਖ਼ੁਸ਼ਬੋਆਂ ਉਮਡੀਆਂ। ਨਾਨਕ ਸਤਿਗੁਰੂ ਨੇ ਇਸ ਬਸੰਤ ਦਾ ਸੁਨੇਹਾ ਘਰ ਘਰ ਦਿਤਾ ਜਿਸਦੀ ਸੋ ਤਕ ਨਹੀਂ ਸੁਣੀ ਦੀ।

ਸਮਾਜ ਵਿਚ ਨਵ-ਚੇਤਨਾ ਰੁਮਕੀ। ਗਿਰਾਉ ਨੂੰ ਰੋਕ ਮਿਲੀ। ਪੰਜਾਬ ਵਿਚੋਂ ਨਵੇਂ ਚਾਨਣ ਨੇ ਕੂੜ ਅਮਾਵਸ ਨੂੰ ਰੁਸ਼ਨਾ ਦਿਤਾ। ਜ਼ਿੰਦਗੀ ਦੀ ਹਕੀਕਤ ਫਿਰ ਅਸਲੀ ਸ਼ਕਲ ਵਿਚ ਜਗਤ ਦੇ ਸਾਹਵੇਂ ਆਈ। ਸਿਖ ਨੇ ਸਿਖਣ ਦੀ ਵਾਦੀ ਲੈਕੇ "ਜੁਗ ਜੁਗ ਸਤਿਗੁਰ ਧਰੇ ਅਵਤਾਰਾ" ਨੂੰ ਮੰਨਿਆ ਤੇ ਬਰਾਬਰ ਸਤਿਗੁਰੂ ਪਾਸੋਂ ਰੋਸ਼ਨੀ ਲੈਕੇ ਸਹੀ ਰਸਤਾ ਵਿੰਹਦਾ ਅਗੇ ਵਲ ਨੂੰ ਵਧਿਆ ਤੇ ਇਸਦੇ ਪਿਛੇ ਪਿਛੇ ਕਮਜ਼ੋਰ ਭਾਰਤੀ ਵੀ ਤੁਰਨ ਦਾ ਸਾਹਸ ਕਰਨ ਲਗਾ।

ਦਸਮ ਸਤਿਗੁਰੂ ਤਕ ਆਉਂਦਿਆਂ ਸਮਾਜਿਕ ਮੌਸਮ ਵਿਚ ਪਤਝੜ ਦਾ ਮੁੜ ਜ਼ੋਰ ਆ ਕੁਦਿਆ। ਜੰਞੂ ਤਿਲਕ ਮਠ-ਮੰਦਰ ਇਕ ਵਾਰ ਫੇਰ ਤਅ-ਸਬੀ-ਹਕੂਮਤ ਦੇ ਸ਼ਿਕਾਰ ਹੋਏ। ਮੌਤ ਇਕ ਵਾਰ ਫਿਰ ਤਾਂਡਵ ਬਣਕੇ ਨਚੀ। ਪਤਝੜ ਦੇ ਬੁਲਿਆਂ ਨੇ ਸਮਾਜ ਦੇ ਮੁਖ ਤੇ ਸਿਕਰੀ ਲੈ ਆਂਦੀ। ਕੂੜ ਦਾ ਬੋਲ ਬਾਲਾ ਤੇ ਸੁਹਜ ਦਾ ਭੋਗ ਪੈ ਗਿਆ। ਮਨੁਖੀ ਕਦਰਾਂ ਪਖੰਡੀਆਂ ਦੇ ਡੇਰੇ ਤੇ ਜੋਰਾਵਰਾਂ ਦੇ ਘਰੀਂ ਜਾ ਵੜੀਆਂ। ਹਕੀਕਤ ਕਿਸੇ ਬੰਦੀ ਛੋੜ ਦੀ ਉਡੀਕ ਵਿਚ ਲੁਕ ਛਿਪਕੇ ਦਿਹਾੜਾਂ ਕਢਣ ਲਗੀ। ਤਦ ਦਸਵਾਂ ਪਾਤਸ਼ਾਹ ਪਟਨੇ ਦੇ ਅਸਮਾਨਾਂ ਵਿਚੋਂ ਮੁਸਕਰਾਇਆ। ਪਤਝੜ ਨੂੰ ਪਹਿਲਾ ਹੌਲ ਪਿਆ ਤੇ ਜਦ ਉਸਨੇ ਖਾਲਸਾ

ਰਾਜ ਮੁੜ-ਬਹਾਰ ਲਈ ਸੰਗ੍ਰਾਮ ਦਾ ਸੱਦਾ ਦਿਤਾ ਤਾਂ ਧਰਮ-ਨਿਆਇ ਦੇ ਮੁਖ ਤੇ ਮੁੜ ਜੀਵਨ ਦੀ ਲਾਲੀ ਡਲ੍ਹਕੀ। ਆਖਰ ਬਸੰਤ ਆ ਹੀ ਗਈ। ਪਤਝੜ ਦਾ ਬਸ-ਅੰਤ ਕਰਨ ਲਈ ਸਤਿਗੁਰੂ ਸਪਰਿਵਾਰ ਬਸ-ਅੰਤ ਹੋ ਗਏ, ਪਰ ਉਹਨਾਂ ਦੀ ਪੈਦਾ ਕੀਤੀ ਬਸੰਤ ਭਾਰਤ ਦੇ ਪਛਮੀ ਕੰਢੇ ਖੂਬ ਖਿੜ ਮਹਿਕੀ।

ਪਰ ਕਦ ਤਕ? ਛੇਤੀ ਹੀ ਦੂਜਾ ਦੌਰ ਸ਼ੁਰੂ ਹੋ ਗਿਆ। ਆਪਣਿਆਂ ਹੀ ਬਹਾਰ ਤੋਂ ਮੁਖ ਮੋੜ ਖੁਸ਼ਕੀਆਂ ਨੂੰ ਸਦੇ ਦੇ ਦਿਤੇ।

ਅੰਗਰੇਜ਼ ਸਾਰੇ ਭਾਰਤ ਤੇ ਛਾ ਗਿਆ। ਭਾਰਤੀ ਜ਼ਿੰਦਗੀ ਦੀ ਰਹਿੰਦੀ ਸਹਿੰਦੀ ਰਤ ਇਸ ਚਤਰ ਵਪਾਰੀ ਨੇ ਚੂਸਣੀ ਸ਼ੁਰੂ ਕਰ ਦਿਤੀ। ਭਾਰਤ ਦੀ ਆਤਮਾ ਜੋ ਹਜ਼ਾਰਾਂ ਸਾਲਾਂ ਤੋਂ ਥੋੜੀ-ਬਾਹਲੀ ਜੀਵਨ ਦੀ ਆਸ ਲਈ ਆਉਂਦੀ ਸੀ, ਉਸਨੂੰ ਸੁਸਿਖਿਅਤ ਫੌਜਾਂਦੇ ਛਾਏ ਹੇਠ ਅੰਗਰੇਜ਼ ਨੇ ਅਸਲੋਂ ਆਸ ਹੀਨ ਕਰ ਦਿਤਾ। ੧੮੫੭ ਵਿਚ ਭਾਰਤੀ ਆਤਮਾ ਦੇ ਹੰਭਲੇ ਨੂੰ ਬੁਰੀਤਰਾਂ ਕੁਚਲਕੇ ਅੰਗ-ਰੇਜ਼ ਨਿਸਚਿੰਤ ਹੋਣਾ ਚਾਂਹਦਾ ਸੀ।

ਪਰ ੧੮੧੬ ਈਸਵੀ ਵਿੱਚ ਬਸੰਤ ਦੀ ਪੰਚਮੀ ਵਾਲੇ ਦਿਨ ਉਸ ਕਿਰਨ ਦਾ ਪਰਕਾਸ਼ ਹੋ ਚੁਕਾ ਸੀ ਜਿਸ ਦੇ ਤੇਜ ਨੇ ਕੱਕਰਾਂ-ਜੰਮੇ ਸਮਾਜ ਵਿੱਚ ਲਹੂ ਨੂੰ ਗਰਮਾਣਾ ਤੇ ਨਵਾਂ ਨਰੋਆ ਕਰਨਾ ਸੀ। ਸਨ ੫੭ ਦੇ ਗ਼ਦਰ ਦੇ ਅੰਗਰੇਜ਼ ਵਲੋਂ ਢਾਏ ਗਏ ਜ਼ੁਲਮਾਂ ਦੀ ਕਹਾਣੀ ਲੋਕਾਂ ਦੇ ਬੁਲ੍ਹਾਂ ਤੇ ਹੀ ਸੀ ਕਿ ਭੈਣੀ ਸਾਹਿਬ, ਇਕ ਸਧਾਰਨ ਜੇਹੇ ਪਿੰਡ ਵਿੱਚ ਸਫੇਦ ਝੰਡਾ ਲਹਿਰਾ ਕੇ ਭਾਰਤੀ ਲੋਕਾਂ ਲਈ ਨਵੇਂ ਤਰੀਕੇ ਨਾਲ, ਜ਼ਿੰਦਗੀ ਵਿੱਚ ਪਹਿਲੀ ਵਾਰ ਸ਼ਾਂਤ ਮਈ ਢੰਗ ਨਾਲ ਰਾਜਨੀਤਕ ਲੜਾਈ ਵਿੱਚ ਉਤਰ ਕੇ ਪਤ--ਝੜ ਦੇ ਖਿਲਾਫ ਜੰਗ ਦਾ ਬਿਗਲ ਬਜਾ ਦਿਤਾ ਗਿਆ। ਉਸ ਸਮੇ ਸਿਖੀ ਸਭਿਆ-ਚਾਰ ਵਿੱਚ ਵੀ ਪਤ ਝੜ ਪੂਰੇ ਜੋਬਨ ਤੇ ਸੀ। ਰਣ-ਜੀਤ ਸਿੰਘ ਮਹਾਰਾਜ ਦਾ ਕਾਇਮ ਕੀਤਾ ਖਾਲਸਾ ਰਾਜ ਉਸ ਦੇ ਮਗਰਲੇ ਦਸ ਕੁ ਸਾਲਾਂ ਵਿੱਚ ਸਮਾ-ਪਤ ਹੋ ਗਿਆ। ਅੰਗਰੇਜ਼—ਰਾਜ ਨੂੰ ਨਫਰਤ ਨਾਲ ਤਕਣ ਦੀ ਥਾਂ ਟੋਪੀ ਵਾਲੇ ਦੇ ਰਾਜ ਦੇ ਗੀਤ ਗੂੰਜਣ ਲਗ ਪਏ। ਗੁਰਦੁਆਰਿਆਂ ਦੀ ਰੋਜ਼ਾਨਾ ਅਰਦਾਸ ਦਾ ਭਾਗ ਮਲਕਾ ਦੇ ਰਾਜ ਦੀ ਸਲਾਮਤੀ ਹੋ ਗਈ। ਗੁਰਦੁਆਰੇ ਦੇਸ਼ ਹਿਤੂਆਂ ਨੂੰ ਫਤਵੇ ਦੇਣ ਲਗ ਪਏ। ਸਿਖ ਰਿਆਸਤਾਂ ਦੇ ਰਾਜੇ, ਜਾਗੇ ਹੋਏ ਸਿਖਾਂ ਦੇ ਖਿਲਾਫ ਅੰਗਰੇਜ਼ੀ ਗੁਲਾਮੀ ਲਈ ਵਫਾਦਾਰੀ ਦਾ ਸਬੂਤ ਪੇਸ਼ ਕਰਦੇ। ਰਾਜਨੀਤਕ ਤੌਰ ਤੇ ਖਿਜ਼ਾਂ ਦਾ ਝਖੜ ਪੂਰੇ ਜੋਬਨ ਤੇ ਸੀ ਤੇ ਸਿਖੀ ਦੀ ਗਊ ਵੀ ਕਸਾਈਆਂ ਦੇ ਹੱਥ ਵੱਸ ਸੀ। ਇਸ ਅਧੋਗਤੀ ਨੂੰ ਮੋੜਾ ਪਾਣ ਲਈ, ਮੁੜ ਬਸੰਤ ਨੂੰ ਭਾਰਤ ਦੇ ਵਿਹੜੇ ਲਿਆਣ ਲਈ ਚੀਨੀ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਂ ਖਾਲਸੇ ਦੀ ਸਾਜਣਾਂ ਸਾਜੀ। ਪੁਰਾਣੇ ਢਾਈਆਂ ਨੂੰ ਲੱਖਾਂ ਵਿੱਚ ਰੂਪ ਮਾਨ ਕੀਤਾ। ਨਵਾਂ ਸੰਦੇਸ਼, ਨਵਾਂ ਸਭਿਆ-ਚਾਰ ਤੇ ਨਵੀਂ ਚੇਤਨਾ ਦੇ ਕੇ ਦਸਾਂ ਸਾਲਾਂ ਵਿੱਚ ੭ ਲੱਖਾਂ ਤੋਂ ਵਧੀਕ ਬਸੰਤੀ ਫੁੱਲ ਪੰਜਾਂ ਦਰਿ-ਆਵਾਂ ਦੇ ਪਾਣੀਆਂ ਉਤੇ ਖਲੇਰ ਦਿਤੇ ਤੇ ਏਹ ਫੁਲ--ਕਾਫਲਾ ਨਿਤ ਨਵੇਂ ਦਿਨ ਹੋਰ ਘਣੇਰਾ ਹੋਈ ਜਾ ਰਿਹਾ ਸੀ।

ਮੁਰਦੇਹਾਣ ਦੀ ਥਾਂ ਜ਼ਿੰਦਗੀ ਵਿੱਚ ਹੁਲਾਰਾ ਆਇਆ। ਕੂਕ ਪਣੇ ਦੀ ਅਜੇਹੀ ਲਹਿਰ ਚਲੀ ਕਿ ਪੰਜਾਬ ਚੋਂ ਅੰਗਰੇਜ਼ ਰਾਜ ਉਡਦਾ ਜਾਪਣ ਲਗਾ ਤੇ ਸਾਰੇ ਭਾਰਤ ਨੂੰ ਇਕ ਉੱਡੀ ਬੱਦਲੀ ਤੋਂ ਮੁੜ ਸੁਖਾਵੇਂ ਅਸਮਾਨ ਦਾ ਝਾਉਲਾ ਪੈਣ ਲੱਗਾ। ਫੁਲ ਖਿੜੇ ਪਰ ਬਾਗ ਦੇ ਖੇੜੇ ਦੇ ਦੁਸ਼ਮਨਾਂ, ਜਿਨ੍ਹਾਂ ਨੂੰ ਫੁਲਾਂ ਨਾਲੋਂ ਵਾਪਾਰ ਲਈ ਬਾਗ ਦੀਆਂ ਲੱਕੜਾਂ ਜ਼ਿਆਦਾ ਲੋੜੀਦੀਆਂ ਜਾਪਦੀਆਂ ਸਨ, ਫੇਰ ਇਕ ਵਾਰ ਹੱਲਾ ਬੋਲਿਆ। ਵੱਸਣ ਹੱਸਣ ਵਾਲੇ ਪੰਜਾਬ ਦੀਆਂ ਨਿਸ਼ਾਨੀਆਂ ਤੋਪਾਂ ਅਗੇ ਧਰ ਉਡਾ ਦਿਤੀਆਂ। ਸੁਦੇਸ਼ੀ ਤਰੇਲ ਦੇ ਯਾਚਕ ਫੁਲਾਂ ਨੂੰ ਤੋਪ -ਗੋਲਿਆਂ ਨਾਲ ਪੱਤੀ ਪੱਤੀ ਕਰਕੇ ਖਿੰਡਾ ਦਿੱਤਾ ਗਿਆ। ਚੰਡਾਲ ਪਤ--ਝੜ ਫਿਰ ਸਾਡੇ ਵਿਹੜਿਆਂ ਵਿੱਚ ਉਦਾਸੀ ਖਿਲਾਰ ਗਈ।

ਨਾਨਕ--ਸੂਰਜ ਦੀ ਬਾਰਵੀਂ ਜੋਤ, ਬਸੰਤ ਨੂੰ ਬਹਾਲ ਕਰਦਿਆਂ ਜਲਾਵਤਨ ਹੋ ਗਈ।

ਪਰ ਉਸ ਦੀ ਫੂਕ ਨੇ ਦੇਸ਼ ਦੇ ਕੋਨੇ ਕੋਨੇ ਇਕ ਧੜਕਣ ਜ਼ਰੂਰ ਪੈਦਾ ਕੀਤੀ ਤੇ ਹਰ ਦਿਨ ਬਹਾਰ ਦੀ ਆਸ ਵਿੱਚ ਰੰਗਿਆ ਚੜ੍ਹਨ ਲੱਗਾ। ਹਿੰਦ ਦਾ ਹਰ ਸਿਆਣਾ ਗੁਰੂ ਰਾਮ ਸਿੰਘ ਜੀ ਦੀ ਧਾਰਣਾ ਦਾ ਸ਼ੈਦਾਈ ਹੋ ਅੰਗਰੇਜ਼ ਲਈ ਜਮ ਰੂਪ ਬਣਦਾ ਗਿਆ। ਅੰਗਰੇਜ਼ ਹਿੰਦੀਆਂਨੂੰ ਵਿਰਚਾਣ ਦੇ ਹਥਿ-ਆਰਾਂ ਤੇ ਆ ਗਿਆ। ਅੰਤ ਘਰ ਘਰ ਰਾਮ ਸਿੰਘ ਹੋ ਗਿਆ ਤੇ ਹਜ਼ਾਰਾਂ ਕੁਰਬਾਨੀਆਂ ਤੋਂ ਬਾਦ ਭਾਰਤ ਭੂਮੀ ਵਿੱਚ 'ਆਜ਼ਾਦੀ' ਨਾਮ ਦੀ ਬਸੰਤ, ਜੁਗਾਂ ਦੇ ਘੋਲਾਂ ਬਾਦ ਮੁੜ ਮਉਲੀ, ਮੁੜ ਵਿਗਸੀ

ਅੱਜ ਉਹ ਬਸੰਤਦੀ ਬਹਾਰ ਸਾਡੀ ਰੂਹ ਦਾ ਹੁਲਾਰ ਹੈ। ਪਰ ਕੀ ਅਜੇ ਅਸੀਂ ਇਸ ਬਸੰਤ ਨੂੰ ਸਹੀ ਬਸੰਤ ਨਾਲ ਤੁਲਨਾ ਦੇ ਸਕਦੇ ਹਾਂ? ਯਕੀਨਨ ਨਹੀਂ। ਰਾਜਸੀ ਤੌਰ ਤੇ ਅਸੀਂ ਇਸ ਬਸੰਤ ਦਾ ਸੁਆਗਤ ਕਰਦੇ ਹਾਂ--ਪਰ ਕੀ ਸਾਡਾ ਬਸੰਤੀ-ਸਤਿਗੁਰੂ ਅਪਣੇ ਪਰਦੇਸ ਵਾਸ ਤੋਂ ਪਰਤ ਕੇ ਸਾਡੀ ਸਾਰ ਲਵੇਗਾ? ਉਸ ਦੀ ਕ੍ਰਿਪਾ, ਉਸਦੇ ਪੜ੍ਹਾਏ ਪਾਠ ਨਾਲ, ਉਸ ਦੇ ਚਲਾਏ ਸੰਗ੍ਰਾਮ ਨਾਲ ਅਸੀਂ ਮੁਕੰਮਲ ਆਜ਼ਾਦੀ ਦੀ ਬਸੰਤ ਮਾਣ ਰਹੇ ਹਾਂ--ਪਰ ਉਸ ਬਿਨਾਂ ਸਾਡੀ ਬਸੰਤ ਬੁੱਚੀ ਬੁੱਚੀ ਹੈ, ਉਸ ਬਿਨਾਂ ਸਾਨੂੰ ਇਸ ਦੀ ਬਹਾਰ ਭਾਂਦੀ ਨਹੀਂ-ਅਜੇ ਤਾਂ ਸਾਡੀ ਸਮਾਜਿਕ ਤੇ ਆਰਥਿਕ ਬਹਾਰ ਸਚ ਮੁਚ ਹੀ ਸਾਥੋਂ ਦੂਰ ਹੈ। ਛਲ,ਕਪਟ, ਧਰੋਹ, ਵਢੀ ਚੱਟੀ, ਧੱਕਾ, ਅਨਿਆਇ, ਬੇਕਿਰਕ ਮੁਨਾਫੇ, ਚੋਰੀ, ਸਮਗਲਿੰਗ, ਧੜੇ ਬੰਦੀ, ਬਗਾਨੇ ਹੱਕ ਦੀ ਆਸ, ਬਲੈਕ, ਸਵੈ-ਲਾਭਾਂ ਲਈ ਝੂਠ, ਫਰੇਬ, ਗਾਲ ਮੰਦਾ, ਡਾਂਗ ਸੋਟੀ, ਲਾਠੀ-ਗੋਲੀ ਗਊ ਹਤਿਆ ਆਦਿ ਕੀ ਕੁਝ ਹੈ ਜੋ ਪਤ-ਝੜੀ ਵੇਗ ਨਾਲ ਸਾਡੇ ਦੁਆਲੇ ਘੁੰਮਰ ਨਹੀਂ ਪਾ ਰਿਹਾ। ਜਦ ਤਕ ਸਮਾਜ ਵਿੱਚੋਂ ਇਸ ਕੋਹੜ ਦਾ ਸਫ਼ਾਇਆ ਨਹੀਂ ਹੋ ਜਾਂਦਾ ਤਦ ਤਕ ਆਮ ਲੋਕਾਈ ਲਈ ਰਾਜਸੀ ਬਸੰਤ ਦੇਵੀ ਕੀ ਮਾਅਨੇ? ਸਾਡੀ ਜ਼ਿੰਦਗੀ ਏਸ ਆਸ ਤੇ ਨਿਰਭਰ ਹੈ ਕਿਸਤਿ-ਗੁਰੂ ਰਾਮ ਸਿੰਘ ਜੀ ਸਾਨੂੰਦਰਸ਼ਨਦੇਣਗੇਤੇ ਉਹਨਾਂ ਦੀ ਆਮਦ ਨਾਲ ਗਊ ਗਰੀਬ ਦੇ ਗਲੋਂ ਛੁਰੀ ਲਥਗੀ। ਅਤੇ ਧਰਮ-ਬਸੰਤ ਫੁਲੇ ਫਲੇਗੀ।

ਹਾ! ਅੱਜ ਬਸੰਤ ਦੀ ਬਹਾਰ ਦਾ ਜਾਇਜ਼ਾ ਲੈਂਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਚੇ ਪਾਤਸ਼ਾਹ ਯਾਦ ਆ ਗਏ! ਉਹ ਸੱਚੀ ਬਹਾਰ ਲਈ ਕਿੰਨਾ ਜੂਝੇ। ਕਿਵੇਂ ਉਹਨਾਂ ਦੇਸ਼ ਦੀ ਸਰ-ਕਾਰ ਦਾ ਨਵ-ਉਸਾਰੀ ਵਿੱਚ ਹੱਥ ਵਟਾਇਆ ਕਿਵੇਂ ਉਹਨਾਂ ਗਊ ਰਖਿਆ ਲਈ ਰਾਜ-ਰੱਬਾਂ ਕੋਲ ਤਰਲਾ ਲਿਆ! ਕਿਵੇਂ ਉਹਨਾਂ ਹਜ਼ਾਰਾਂ ਉਜੜਿਆਂ ਨੂੰ ਮੁੜ ਵਸੇਬੇ ਵਿਚ ਮਦਦ ਦਿੱਤੀ ਪਰ ਉਹ ਖੁਦ, ਉਹ ਖੁਦ ਚੋਰ ਤੇ ਜ਼ੁਲਮ ਦਾ ਸ਼ਿਕਾਰ ਹੋ ਗਏ!

ਮਨੁਖਾ ਜੀਵਨ ਪਤ ਝੜ ਤੇ ਬਸੰਤ ਦਾ ਘੋਲ ਹੈ। ਕੁਦਰਤ ਹਰ ਸਾਲ ਸਾਨੂੰ ਨਵੀਨਤਾ ਦਾ ਸੁਨੇਹਾ ਦਿੰਦੀ ਹੈ। ਸਮਾਜਿਕ ਜੀਵਨ ਵਿਚ ਮੁੜ ਬਸੰਤ ਲਿਆਉ ਲਈ ਅਜੇ ਸਾਨੂੰ ਬਹੁਤ ਘਾਲਾਂ ਘਾਲਣੀਆਂ ਪੈਣਗੀਆਂ। ਜਦੋਂ ਹਰ ਭਾਰਤੀ ਦੇ ਮੁਖ ਤੇ ਖੁਸ਼ੀ ਤੇ ਖੁਸ਼ਹਾਲੀ ਦਾ ਖੇੜਾ ਟੁਮਕੇਗਾ, ਜਦੋਂ ਬਚਪਨ ਬੂਟ ਪਾਲਿਸ਼ ਕਰਨ ਦੀ ਥਾਂ ਸਕੂਲਾਂ ਵਿੱਚ ਗੁਣਵਾਨ ਬਣਨ ਲਈ ਜਾਏਗਾ, ਜਦੋਂ ਜਵਾਨੀ ਬੇਕਾਰੀ ਦੀ ਤਪਦਿਕ ਤੋਂ ਸੁਰਖਰੂ ਹੋਵੇਗੀ, ਜਦੋਂ ਬੁਢਾਪਾ ਆਪਣੀਆਂ ਤਰਕਾਲਾਂ ਉਦਾਸ ਨਹੀਂ, ਪੂਰਨ ਸਤਿਕਾਰ ਨਾਲ ਨਸ਼ਿ-ਆਇਆ ਵੇਖੇਗਾ, ਜਦੋਂ ਇਸਤਰੀ ਪੁਰਸ਼ ਧਰਮ ਦੀ ਕਿਰਤ ਕਰਦੇ, ਪੂਰਨ ਸੰਤੁਸ਼ਟਤਾ ਨਾਲ ਪਰਮੇਸ਼ਰੀ ਦਰਗਾਹ ਦਾ ਸ਼ੁਕਰਾਨਾ ਅਦਾ ਕੀਤਾ ਕਰਨਗੇ, ਓਦੋਂ ਸਮਾਜਿਕ ਬਹਾਰ ਦਾ ਨਿਖਾਰ ਉਘੜੇਗਾ, ਓਦੋਂ ਚੀਨੀ ਵਾਲੇ ਪ੍ਰੀਤਮ ਦੇ ਦੀਦਾਰਾਂ ਦੀ ਝਲਕ ਅਵਸ਼ ਸਾਡੇ ਤੇ ਪਏਗੀ। ਓਦੋਂ ਸਾਡੇ ਅੱਜ ਦੇ ਵਾਰਸ ਸ੍ਰੀ ਸਤਿਗੁਰੂ ਜਗ-

Namdhari Elibrary NamdhariElibrary@gmail.com

ਜੀਤ ਸਿੰਘ ਜੀ ਮਹਾਰਾਜ ਦੀ ਸਧਰ ਪੂਰੀ ਹੋਵੇਗੀ।

ਆਓ, ਮਨੁਖਾ ਜੀਵਨ ਦੀ ਬਸੰਤ ਮਾਣਨ ਲਈ ਆਪਣੇ ਸਚੇ ਸੁਚੇ ਯਤਨਾਂ ਵਿੱਚ ਹੋਰ ਉਦਮ ਦੀ ਰੂਹ ਫੂਕੀਏ ਹੋਰ ਗੁਰ ਚਰਨਾਂ ਦੇ ਨੇੜੇ ਹੋ ਜੁੜੀਏ, ਹੋਰ ਬੁਰਾਈਆਂ ਦੇ ਖਿਲਾਫ ਤੇ ਚੰਗਿਆਈ ਦੇ ਹੱਕ ਵਿੱਚ ਜੂਝਣ ਲਈ ਤਤਪਰ ਹੋਈਏ। ਤੇ ਸਤਿਗੁਰੂ ਜੀ ਦੇ ਦਰਸ਼ਨਨਮਿਤਰਹਿੰਦੇ ਪਾਠਾਂ ਨੂੰ ਪੂਰਿਆਂ ਕਰੀਏ ਤਾਕਿ ਪਤਿਤ ਪਾਵਨ ਜੀ ਦੇ ਦਰਸ਼ਨਾਂ ਨਾਲ ਸਾਡੀਆਂ ਬਸੰਤਾਂ ਸਫਲ ਹੋਣ।

ਚੀਨੀਵਾਲੇ ਦੀ ਅਮਰ ਕਹਾਣੀ

[ਵਲੋਂ ਇੰਦਰ ਦਮਨ ਸਿੰਘ ਜੀ 'ਰਤਨ' ਬੈਂਕੋਕ ਥਾਈਲੈਂਡ

"ਰਤਨ ਇਕ ਨੌ-ਜਵਾਨ ਕਵੀ ਹੈ। ਸਵਰਗਵਾਸੀ ਭਗਤ ਸਿੰਘ 'ਪ੍ਰੇਮੀ' ਦੀ ਨਿਸ਼ਾਨੀ। ੧੮ ਜਨਵਰੀ ੧੯੯੦ ਦੀ ਰਾਤ ਨੂੰ ਮਲੇਰ ਕੋਟਲਾ ਦੇ ਸ਼ਹੀਦਾਂ– ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਵਨ ਦੀ ਯਾਦ ਵਿਚ,ਨਾਮਧਾਰੀ ਸੰਗਤ ਬੈਂਕੋਕ ਵਲੋਂਇਕ ਦੀਵਾਨ ਹੋਇਆ.ਨਾਮਧਾਰੀ ਧਰਮਸਾਲਾ ਨਾਮਧਾਰੀ ਤੇ ਗੈਰ ਨਾਮਧਾਰੀ ਸੰਗਤ ਨਾਲ ਖਚਾਖਚ ਭਰੀ ਹੋਈ ਸੀ। ਪਹਿਲਾਂ ਸੰਗੀਤ ਹੋਇਆ ਮੁੜ ਸਮਸਿਆ ਪੂਰਤ ਕਵੀ ਦਰਬਾਰ। ਜਿਥੇ ਸੁਆਦ ਹੋਵੇ ਓਥੇ ਵਕਤ ਨਹੀਂ ਹੁੰਦਾ। ਤੇ ਜਦੋਂ ਸੁਆਦ ਨਹੀਂ ਹੁੰਦਾ ਓਥੇ ਵਕਤ ਪ੍ਰਧਾਨ ਹੁੰਦੇ। ਸਟੇਜ ਸੈਕਟਰੀ ਜੀ ਨੂੰ ਚਾਰ ਸਫਿਆਂ ਦੀਕਵਿਤਾ ਤਕਕੇ ਸਮੇਂਦਾ ਅਭਾੜ ਖੁਟਕਿਆ ਪਰ ਜਦੋਂ 'ਰਤਨ' ਨੇ ਆਪਣੀ ਸੁਰੀਲੀ ਆਵਾਜ਼ਵਿਚ ਚੀਨੀਵਾਲੇ ਦੀ ਜਸ-ਕਹਾਣੀ ਗਾਈ,ਸੰਗਤ ਵਿਚ ਸੁਆਦ ਦੇ ਮੇਘ ਉਮਡ ਆਏ। ਵਕਤ ਆਪਣੇ ਗੋਡੇ ਟੇਕ ਚੁਕਾ ਸੀ। ਕਵੀ ਨੂੰ ਉਸਦੀ ਰਚਨਾ ਦੀ ਸੰਗਤ ਵਲੋਂ ਦਾਦ ਮਿਲ ਰਹੀ ਸੀ। ਸਰੋਤਿਆਂ ਵਲੋਂ ਮਾਇਆ ਦਾ ਸਰਲਾਟਾ ਆਇਆ। ਸੈਕਟਰੀ ਸਾਹਿਬ ਨੇ ਨਾਮ-ਧਾਰੀ ਸੰਗਤ ਬੈਂਕੋਕ ਵਲੋਂ ਵਿਸ਼ੇਸ਼ ਸਿਰੋਪਾ ਨਾਲ ਕਵੀ ਸਨਮਾਨ ਦੀ ਘੋਸ਼ਨਾ ਕੀਤੀ। ਪ੍ਰੇਮੀਆਂ ਦੇ ਨੇਤਰਾਂ ਵਿਚੋਂਹੰਝੂਆਂ ਦੀ ਵਰਖਾ। ਮਹੌਲ ਕਿਸੇਦੀ ਯਾਦਕਰਕੇ– ਦੂਹਰੀ ਯਾਦ ਨਾਲ ਵੈਰਾਗੀ ਹੋ ਚੁਕਾ ਸੀ। ਗੁਰੂ ਰਾਮ ਸਿੰਘ ਜੀ ਦੀ ਯਾਦ 'ਨਸੂਰ' ਬਣ ਚੁਕੀ ਹੈ। ਉਤੋਂ ਇਸ ਨਸੂਰ-ਯਾਦ ਪੀੜਾ ਨੂੰ ਦਬਾਈ ਰਖਣ ਵਾਲੀ ਹਸਤੀ ਜਿਸਦੀ ਕਿਰਪਾ ਨਾਲ ਇਹ ਪੀੜਾ, ਪੀੜਾ ਨਹੀਂ ਸੀ ਮਹਿਸੂਸ ਹੁੰਦੀ, ਦਾ ਅਚਾਨਕ ਵਿਛੋੜਾ ਯਾਦ ਕਰਕੇ ਹਿਰਦੇ ਅਧੀਰ ਹੋ ਉਠੇ। ਇਕ ਸਤਕਾਰ ਯੋਗ ਬਜ਼ੁਰਗ ਨੇ ਤਾਂ ਕਵੀ ਦੀ ਚਰਨੀਂ ਝੁਕਕੇ ਆਪਣੀ ਦਾਤ ਦਿਤੀ। ਧੰਨ ਸਿਖੀ, ਜਿਸਨੇ ਇਕ ਨੌ-ਜਵਾਨ ਕਵੀ ਦੀ ਪੈਰੀਂ ਇਕ ਬਜ਼ੁਰਗ ਨੂੰ ਝੁਕਾ ਦਿਤਾ। ਸਟੇਜ ਸਕਤਰ ਜੀ ਨੇ ਸਮੇ ਦੀ ਗੋਡੇ ਟੇਕਨੀ ਤਕਕੇ ਸੰਗਤ ਦੀ ਦੁਬਾਰਾ ਮੰਗ ਥੀਂ 'ਰਤਨ' ਨੂੰ ਟੁੰਬਿਆ। ਕਵੀ ਦੂਸਰੀ ਵਾਰ ਆਪਣੀ ਰਚਨਾ ਨੂੰ ਕਿਸੇ ਅਨੋਖੇ ਰੰਗ ਵਿਚ ਗਾ ਰਿਹਾ ਸੀ। ਜੈਕਾਰਿਆਂ ਨਾਲ ਮੰਡਪ ਗੂੰਜ ਉਠਿਆ। ਹੇਠ, ਸਤਿਜੁਗ ਦੇ ਪਾਠਕਾਂ ਦੀ ਭੇਟ 'ਰਤਨ' ਦੀ ਇਹ ਕਵਿਤਾ ਕਰਕੇ ਮੈਨੂੰ ਬੜੀ ਪ੍ਰਸੰਨਤਾ ਹੋ ਰਹੀ ਹੈ। ਕਵੀ ਨੂੰ ਮੇਰੀ ਮੁਬਾਰਕਬਾਦ।" ["ਛੇਹਰ"

ਆਓ ਰਲਕੇ ਸੁਣੀਏ ਗਾਈਏ, ਚੀਨੀਵਾਲੇ ਦੀ ਅਮਰ ਕਹਾਣੀ।
ਸਤਿਗੁਰ ਮਹਿਮਾ ਅੰਮ੍ਰਿਤ ਸਾਗਰ, ਜਿਸ ਵਿੱਚੋਂ ਇਕ ਬੂੰਦ ਉਠਾਣੀ।
ਆਓ ਰਲਕੇ ਸੁਣੀਏ ਗਾਈਏ, ਚੀਨੀਵਾਲੇ ਦੀ ਅਮਰ ਕਹਾਣੀ।
ਜਦੋਂ ਜਦੋਂ ਧਰਤੀ ਮਾਤਾ ਤੋਂ, ਦੁਖੜੇ ਸਹੇ ਨ ਜਾਂਦੇ ਨੇ।
ਅਤਿਆਚਾਰੀ ਵਧਦੀ ਏ, ਤੇ ਪਾਪੀ ਪਾਪ ਕਮਾਂਦੇ ਨੇ।
ਕੂੜ ਕਰਮ ਪ੍ਰਧਾਨ ਏ ਹੁੰਦਾ, ਦਯਾ ਧਰਮ ਉਡ ਜਾਂਦੇ ਨੇ।
ਜਨ ਸਾਧਾਰਨ, ਨੇਕੀ ਦੇ ਫਿਰ, ਕਰਮ ਜਦੋਂ ਫੁਟ ਜਾਂਦੇ ਨੇ।
ਤਦ ਕਰਤੇ ਤੋਂ ਭਗਤਾਂ ਦੀ ਫਿਰ, ਪੀੜ ਸਹੀ ਨਾ ਜਾਂਦੀ ਏ।
ਨਿਰੰਕਾਰ ਫਿਰ ਕਲਾਧਾਰ, ਇਕ ਜੋਤ ਇਲਾਹੀ ਆਂਦੀ ਏ।
ਇਕ ਹਜਾਰ ਅਠ ਸੌ ਬਹਤਰ, ਭਾਗਾਂ ਵਾਲੀ ਬਿਕ੍ਰਮੀ ਆਈ।
ਸਾਰੇ ਹਾਰ ਸ਼ਿੰਗਾਰ ਲਗਾਕੇ ਰਾਣੀ ਰੁਤ ਬਸੰਤੀ ਆਈ।
ਸਰਬ-ਕਲਾ ਸੰਪੂਰਣ ਸਤਿਗੁਰ, ਬਾਹਰਵਾਂ ਜਾਮਾ ਸਭ ਤੋਂ ਨਿਆਰਾ।
ਜੁਗੋ ਜੁਗੰਤਰ ਪਰੰਪਰਾ ਹਿਤ, ਨਿਰੰਕਾਰ ਨੇ ਧਰਾ ਅਵਤਾਰਾ।
ਦੁਖੀਆਂ ਦੇ ਦੁਖ ਦੂਰ ਕਰਨ ਲਈ, ਰਾਈਆਂ ਭੈਣੀ ਪਰਗਟਿਆ।
ਮਾਤ ਸਦਾ ਕੌਰ ਪਿਤਾ ਜਸਾ ਸਿੰਘ, ਗੁਰੂ ਰਾਮ ਸਿੰਘ ਨਾਮ ਦੀਆ।
ਬਚਪਣ ਬੀਤਿਆ ਆਈ ਜਵਾਨੀ, ਸਤਿਗੁਰ ਮਹਿਮਾ ਮਹਿਕਣ ਲਗੀ।
ਭਾਰਤ ਮਾਤਾ ਲਈ ਅੰਗੜਾਈ, ਖੁਸ਼ੀਆਂ ਦੇ ਵਿਚ ਟਹਿਕਣ ਲਗੀ।
ਠਾਰਾਂ ਸੌ ਤਿਰਾਨਵੇਂ ਬਿਕ੍ਰਮੀ, ਸਿਖ ਸੈਨਾ ਦੇ ਸੈਨਕ ਹੋਏ।
ਨਾਮ ਜਪਾਇਆ ਪਾਠ ਪੜ੍ਹਾਇਆ, ਫੌਜਾਂ ਦੇ ਫਿਰ ਮਾਲਕ ਹੋਏ।
ਸਤਿਗੁਰ ਬਾਲਕ ਸਿੰਘ ਨੂੰ ਮਿਲਕੇ, ਗੁਰ ਗੱਦੀ ਦੀ ਸੇਵ ਉਠਾਈ।
ਮਹਾਰਾਜ ਦੀ ਸੈਨਾ ਛਡਕੇ, ਸਾਧ ਸੰਗਤ ਵਿਚ ਕਿਰਤ ਕਮਾਈ।
ਸਤਿ ਅਕਾਲ ਜੈਕਾਰ ਗਜਾਕੇ, ਭੈਣੀ ਤੋਂ ਇਕ ਕੂਕ ਉਠਾਈ।
ਨਾਮਧਾਰੀਆ–ਲਹਿਰ ਨਾਮ ਦੀ, ਦਿਲਾਂ ਦੇ ਅੰਦਰ ਹੂਕ ਗੂੰਜਾਈ।
ਜਿਸ ਜਿਸ ਸਤਿਗੁਰ ਦਰਸ਼ਨ ਕੀਤਾ, ਸਤਿਗੁਰ ਦਾ ਸਿਖ ਪੂਰਾ ਹੋਇਆ।
ਕੰਨ ਵਿਚ ਜਿਸਨੇ ਨਾਮ ਲੈ ਲਿਆ, ਕੂਕਾ ਲਹਿਰ ਦਾ ਸੂਰਾ ਹੋਇਆ।
ਜਿਸਦੇ ਇਕ ਇਸ਼ਾਰੇ ਸਾਰੀ, ਦੁਨੀਆਂ ਬਖਸ਼ੀ ਜਾਂਦੀ ਏ।
ਜਿਸ ਵਲ ਹੋਈ ਨਿਗਾਹ ਮੇਹਰ ਦੀ, ਗਈ ਖੁਸ਼ੀ ਮੁੜ ਆਂਦੀ ਏ।
ਸੋਨੇ ਦੀ ਚਿੜੀ ਹਿੰਦ ਨੂੰ ਲੈਕੇ, ਗੋਰਾ ਹੋਇਆ ਬਹੁ ਅਭਿਮਾਨੀ।
ਭੋਲ਼ੀ ਭਾਲੀ ਹਿੰਦ ਦੀ ਜਨਤਾ, ਕਰਦਾ ਸੀ ਗੋਰਾ ਮਨਮਾਨੀ।
ਕਰਮ ਧਰਮ ਉਹ ਮੂਲ ਨ ਜਾਣੇ, ਪਾਪਾਂ ਦਾ ਉਹ ਪਾਠ ਪੜ੍ਹਾਵ।
ਬੁਚੜ ਖਾਨੇ ਉਸ ਖੁਲ੍ਹਵਾਏ, ਗਊਆਂ ਵੱਛੇ ਕਤਲ ਕਰਾਵੇ।
ਸਤਿਗੁਰ ਤੋਂ ਫਿਰ ਗੋਰੇ ਦੀ ਇਹ ਅੱਤਿਆਚਾਰੀ ਗਈ ਨ ਵੇਖੀ।
ਗੋਰੇ ਰਾਜ ਨਾਲ ਟੱਕਰ ਲਾਈ ਕੋਈ ਚੀਜ਼ ਨ ਪਿਆਰੀ ਦੇਖੀ।
ਨਸ ਜਾ ਬਿੱਲਿਆ, ਨਸ ਜਾ ਗੋਰਿਆ, ਆਜ਼ਾਦੀ ਦਾ ਨਾਹਰਾ ਲਾਇਆ।

ਸੁਤੀ ਹਿੰਦ ਦੀ ਜਨਤਾ ਤਾਈਂ, ਸਤਿਗੁਰ ਜੀ ਨੇ ਝੂਣ ਉਠਾਇਆ।
ਗੋਰੇ ਦੀ ਜੜ੍ਹ ਪੁਟਣ ਖਾਤਰ, ਗੋਰੇ ਰਾਜੋਂ ਮੁਖ ਭਵਾਇਆ।
ਡਾਕਖਾਨਾ, ਗੋਰੇ ਦੀ ਨੌਕਰੀ, ਰੇਲ ਸਫਰ ਨੂੰ ਬੰਦ ਕਰਾਇਆ।
ਪੰਥ ਦੀ ਵਾਗ ਡੋਰ ਹਥ ਫੜਕੇ, ਜਨਤਾ ਨੂੰ ਗੁਰ ਚਰਨੀਂ ਲਾਇਆ।
ਅੱਖਾਂ ਪਾੜਕੇ ਗੋਰਾ ਵੇਖੇ ਮੂੰਹ ਵਿਚ ਉਂਗਲਾਂ ਪਾ ਘਬਰਾਇਆ।
ਮੰਗਲ ਸਿੰਘ ਗਰੇਵਾਲ ਨੇ, ਚੀਨੀ ਘੋੜੀ ਭੇਟ ਚੜ੍ਹਾਈ।
ਚੀਨੀ ਨੇ ਗੁਰ ਚਰਨੀਂ ਆਕੇ, ਸਚੀ ਸੁਚੀ ਸ਼ਾਂਤੀ ਪਾਈ।
ਪਹਿਲਾਂ ਕੋਈ ਚੀਨੀ ਆਖੇ, ਮੁੜ ਕੋਏ ਆਖੇ ਚੀਨੀਵਾਲਾ।
ਜਿਤਨੀ ਸੋਭਾ ਚੀਨੀ ਪਾਈ, ਹੈ ਕੋਈ ਇਤਨਾ ਭਾਗਾਂ ਵਾਲਾ।
ਜਦ ਤਕ ਸੂਰਜ ਚੰਦ ਰਹਿਣਗੇ, ਚੀਨੀ ਵੀ ਸੁਰਜੀਤ ਰਹੇਗੀ।
ਐਪਰ ਚੀਨੀ ਰਹੀ ਤਬੇਲੇ, ਸੱਲ੍ਹ ਵਿਛੋੜਾ ਕਿਵੇਂ ਸਹੇਗੀ।
ਮਲੇਰ ਕੋਟਲੇ ਨਾਮਧਾਰੀਆਂ, ਖ਼ੂਨ ਦੀ ਜਾਕੇ ਹੋਲੀ ਖੇਲੀ।
ਚਾਅਵਾਂ ਨਾਲ ਡੋਹਣ ਛਾਤੀਆਂ, ਗੋਰਾ ਮਲਦਾ ਰਿਹਾ ਹਥੇਲੀ।
ਲਹਿਣਾ ਸਿੰਘ ਹੀਰਾ ਸਿੰਘ ਬਦਲਾ ਲੈਣ ਗਊ ਦਾ ਧੁਰ ਤੋਂ ਆਏ।
ਧੰਨ ਸਤਿਗੁਰੂ ਰਾਮ ਸਿੰਘ, ਜਿਹਨਾਂ ਦੇ ਗੁਰ-ਸਿਖ ਅਖਾਏ।
ਕਾਵਨ ਦੀ ਦਾਹੜੀ ਹਥ ਫੜਕੇ, ਬਿਸ਼ਨ ਸਿੰਘ ਨੇ ਅੰਗ ਕਟਵਾਏ।
ਇਟਾਂ ਜੋੜ ਤੇ ਛਾਤੀ ਡਾਹਕੇ. ਇਤਹਾਸਾਂ ਵਿਚ ਚੰਨ ਚਾ ਲਾਏ।
ਪੰਥ ਦੀ ਕਾਰ ਚਲਾਵਨ ਦੇ ਲਈ, ਸਤਿਗੁਰ ਬਾਈ ਸੂਬੇ ਥਾਪੇ।
ਗੋਰੇ ਨੇ ਜਦ ਬੰਦ ਚਾ ਕੀਤਾ, ਘਰ ਘਰ ਰਾਮ ਸਿੰਘ ਹੋ ਵਿਆਪੇ।
ਮਾਨਾਂਵਾਲੇ ਹੋਲੇ ਦੇ ਵਿਚ, ਘੁਮਿਆਰੀ ਦਾ ਪੁਤ ਜੀਵਾਇਆ।
ਰਾਏ ਸਿੰਘ ਨੂੰ ਜੰਗਲ ਦੇ ਵਿਚ, ਮੌਤ ਸ਼ੇਰ ਦੇ ਮੂੰਹੋਂ ਬਚਾਇਆ।
ਪੰਥ ਦੀ ਵਾਗ ਡੋਰ ਫਿਰ ਆਪਣੇ, ਵੀਰ ਹਰੀ ਸਿੰਘ ਨੂੰ ਦੇ ਕਰ।
ਹਰੀ ਰਖਣਗੇ ਭਰੀ ਰਖਣਗੇ, ਸਤਿਗੁਰ ਥਾਪਿਆ ਨਿਜ ਹਥ ਦੇ ਕਰ।
ਸਤਿਗੁਰ ਦੇ ਸਤਿਸੰਗ ਦੀ ਮਹਿਮਾ, ਗੋਰੇ ਰਾਜ ਤੋਂ ਜਾਏ ਨਾ ਵੇਖੀ।
ਸਚ ਦੇ ਸੂਰਜ ਅਗੇ ਦੀਪਕ, ਕਰ ਸਕਿਆ ਗੋਰਾ ਨਾ ਹੇਠੀ।
ਸੜ ਬਲ ਗੋਰਾ ਕਾਲਾ ਹੋਇਆ, ਗੋਰੇ ਰਾਜ ਦਾ ਅੰਦਰ ਹਲਿਆ।
"ਬਾਬਾ ਰਾਮ ਸਿੰਘ ਭੈਣੀ ਤੋਂ, ਜਿਸਦਾ ਜਾਵੇ ਤੇਜ ਨਾ ਝਲਿਆ।"
ਬਾਗੀਆਂ ਦਾ ਸਰਦਾਰ ਬਨਾਕੇ, ਜਲਾਵਤਨ ਦਾ ਢੰਗ ਚਾ ਠਾਨਾ।
ਜਲਾਵਤਨ ਤੋਂ ਕਦ ਡਰਦਾ ਸੀ, ਆਜ਼ਾਦੀ ਦਾ ਗੁਰ ਪ੍ਰਵਾਨਾ।
ਕਰਮੋ ਕਾਲੀ ਕਮਲੀ ਲੈਕੇ, ਉਨੀਂ ਸੌ ਅਠਾਈ ਆਈ।
ਦੇਸ਼ ਨਿਕਾਲੇ ਦਾ ਸਾਮਾਨ ਸੀ, ਦੇਸ਼ ਦੇ ਮੰਦੇ ਭਾਗ ਲਿਆਈ।
ਕਾਲੀ ਕਮਲੀ ਗਲ ਵਿਚ ਪਾਕੇ. ਗਡੇ ਦੀ ਗੁਰ ਕਰੀ ਸੁਆਰੀ।
ਬਉਰੀਆਂ ਸੰਗਤਾਂ ਰੋਂਦੀਆਂ ਛਡਕੇ, ਪਰਦੇਸਾਂ ਦੀ ਕਰੀ ਤਿਆਰੀ।
ਤੁਰ ਚਲਿਆ ਤੁਰ ਚਲਿਆ ਪ੍ਰੀਤਮ, ਦੇ ਸੰਗਤਾਂ ਨੂੰ ਦੁਖੜੇ ਭਾਰੀ।

ਚੀਨੀ ਤੇ ਭੈਣੀ ਰਲ ਰੋਈਆਂ, ਹਿੰਦ ਕੂਕ ਦੀ ਰਹੀ ਵਿਚਾਰੀ ।
"ਨਾ ਰੋ ਚੀਨੀਏ ਨਾ ਰੋ ਕਮਲੀਏ ! ਇਹ ਆਪਣਾ ਸੰਜੋਗ ਪੁਰਾਣਾ ।
ਵਿਛੜਾਂਗੇ ਪਰ ਰਹਿਸਾਂ ਇਕਠੇ, ਯਾਦਾਂ ਦੇ ਵਿਚ ਵਕਤ ਬਿਤਾਣਾ ।"
ਅਖੀਆਂ ਦੇ ਵਿਚ ਪਾਣੀ ਭਰਕੇ, ਗੁਰੂ ਹਰੀ ਸਿੰਘ ਗੁੰਮ-ਸੁੰਮ ਹੋਏ ।
ਧੀ ਇਕ ਪਾਸੇ, ਪਿਤਾ ਇਕ ਪਾਸੇ, ਭੁਬਾਂ ਮਾਰ ਕੇ ਸਾਰੇ ਰੋਏ ।
ਸੰਗਤ ਰੋਵੇ ਲਏ ਵਿਲਕਣੀਆਂ, ਐਸੀ ਸ਼ਾਲਾ ਕਦੇ ਨਾ ਹੋਏ ।
ਕਲਰ ਰੇਤ ਪੰਜਾਬ ਦੇ ਟਿਬੇ, ਹੰਝੂਆਂ ਦੇ ਡੋਬੇ ਵਿਚ ਮੋਏ ।
ਜਿਸ ਅਜ਼ਾਦੀ ਖਾਤਰ ਜਿਸਨੇ, ਪਰਦੇਸਾਂ ਨੂੰ ਚਾਲੇ ਪਾਏ ।
ਆਈ ਆਜ਼ਾਦੀ ਬਹੁਤ ਸ਼ਤਾਬੀ, ਪਰ ਉਹ ਪ੍ਰੀਤਮ ਅਜੇ ਨਾ ਆਏ ।
ਵਿਚ ਉਡੀਕਾਂ ਪਾਗਲ ਹੋਏ, ਕਈ ਸਿਖਾਂ ਨੇ ਪ੍ਰਾਨ ਮੁਕਾਏ ।
ਸਤਿਗੁਰੂ ਪ੍ਰਤਾਪ ਸਿੰਘ ਨੇ, ਜਾ ਸਚ ਖੰਡ ਵਿਚ ਡੇਰੇ ਲਾਏ ।
ਇਕੋ ਸਿਕ ਦਰਸ ਦੀ ਬਾਕੀ, ਉਹ ਵੀ ਅਜੇ ਨਾ ਪੂਰੀ ਹੋਈ ।
ਇਸ ਜੀਵਨ ਤੋਂ ਮਰਨ ਚੰਗੇਰਾ, ਜੀਵਨ ਦੀ ਹੁਣ ਲੋੜ ਨਾ ਕੋਈ ।
ਆਉ ਰਲਕੇ ਸੁਣੀਏ ਗਾਈਏ ਚੀਨੀ ਵਾਲੇ ਦੀ ਅਮਰ ਕਹਾਣੀ ।
ਸਤਿਗੁਰ ਗਹਿਮਾਂ ਅੰਮ੍ਰਿਤ ਸਾਗਰ, ਜਿਸ ਵਿੱਚੋਂ ਇਕ ਬੂੰਦ ਉਠਾਣੀ ।
ਆਉ ਰਲਕੇ ਸੁਣੀਏ ਗਾਈਏ, ਚੀਨੀ ਵਾਲੇ ਦੀ ਅਮਰ ਕਹਾਣੀ ।

ਸ਼ਹੀਦਾਂ ਦੀ ਵੰਗਾਰ

[ਸੰਤ ਆਤਮਾ ਸਿੰਘ ਜੀ ਸਨਖਤਰਵੀ

ਸਿੰਘਾ ਦਸਮੇਸ਼ ਦਿਆ ਸ਼ਕ ਨਹੀਂ ਏਸ ਵਿਚ, ਕਰਨੀ ਕੁਰਬਾਨੀ ਤੂੰ ਹੀ ਲੋਕਾਂ ਨੂੰ ਸਿਖਾਈ ਸੀ ।
ਬੈਠਕੇ ਅਡੋਲ ਬੰਦ ਬੰਦ ਕਟਵੋਣਾ ਆਪ, ਧਰਮ ਲਈ ਚਰਖੀ ਚੜ੍ਹ ਖੋਪਰੀ ਲੁਹਾਈ ਸੀ ।
ਏਨਾਂ ਕਾਰਨਾਮਿਆਂ ਨੂੰ ਸੁਣ ਗੁਰੂ ਬਾਰ੍ਹਵੇਂ ਤੋਂ ਅੰਮ੍ਰਿਤ ਦੀ ਪਾਣ ਅਸਾਂ ਆਪ ਚੜ੍ਹਵਾਈ ਸੀ ।
ਧਰਮ ਪਤਤ ਹੁੰਦਾ ਵੇਖਕੇ ਗੁਲਾਮ ਦੇਸ਼, ਮਾਰਨ ਮਰਨ ਦੀ ਵਿਉਂਤ ਇਹ ਬਣਾਈ ਸੀ ।
ਪਰ ਏਹ ਵੇਖਕੇ ਹੈਰਾਨ ਨੇ ਸ਼ਹੀਦ ਸਾਰੇ, ਸਿੰਘਾ ਅਜ ਕੇੜ੍ਹੇ ਪਾਸੇ ਜਾਵੇਂ ਤੂੰ ਪਧਾਰਦਾ ।
ਕੀਤੀਆਂ ਕੁਰਬਾਨੀਆਂ ਨੂੰ ਮਿਟੀ 'ਚ ਮਿਲਾਵੇਂ ਕਾਹਨੂੰ, ਆਤਮਾ ਸ਼ਹੀਦਾਂ ਦਾ ਹੈ ਆਪਨੂੰ ਵੰਗਾਰਦਾ ।
ਸੁਣੋ ਸੰਤ ਖਾਲਸਾ ਜੀ ਹੋਰ ਕੋਈ ਨਾ ਜਾਣੇ ਭਾਵੇਂ, ਤੁਸਾਂ ਫਰਜ਼ ਆਪਣੇ ਨੂੰ ਆਪ ਹੀ ਨਿਭਾਵਣਾ ।
ਪੂਰਨੇ ਜੋ ਪਾਏ ਸਤਿਗੁਰੂ ਪ੍ਰਤਾਪ ਸਿੰਘ, ਭਾਵਨਾਂ ਦੇ ਨਾਲ ਉਨ੍ਹਾਂ ਤਾਈਂ ਚਮਕਾਵਣਾ ।
ਸ੍ਰੀ ਸਤਿਗੁਰੂ ਜਗਜੀਤ ਦੀ ਰਜ਼ਾ ਨਾਲ, ਹਰ ਸਾਲ ਮੇਲਾ ਸਾਡੀ ਯਾਦ ਵਿਚ ਲਾਵਣਾ ।
ਚੀਨੀਵਾਲੇ ਪ੍ਰੀਤਮ ਦਾ ਵਾਸਤਾ ਜੇ ਏਸ ਵੇਲੇ, ਪੈ ਕੇ ਭੁਲੇਖੇ ਕਿਤੇ ਫੁਟ ਨਹੀਂ ਜਾਵਣਾ ।
ਸਿਦਕ ਭਰੋਸਾ ਅਤੇ ਏਕਤਾ ਨੂੰ ਕਾਇਮ ਰਖੋ, ਏਹੋ ਹੈ ਨਤੀਜਾ ਅੱਜ ਸਾਡੀ ਯਾਦਗਾਰ ਦਾ ।
ਦੇਸ਼ ਕੌਮ ਪੰਥ ਦੀ ਭਲਾਈ ਲਈ ਅਕਾਸ਼ ਵਿਚੋਂ ਆਤਮਾ ਸ਼ਹੀਦਾਂ ਦਾ ਹੈ ਆਪਨੂੰ ਵੰਗਾਰਦਾ ।

Namdhari Elibrary NamdhariElibrary@gmail.com

ਦੁੱਖ-ਭੰਜਨ ਤੇ ਪੂਰਨ ਵੈਦ

ਸ੍ਰੀ ਸਤਿਗੁਰੂ ਰਾਮ ਸਿੰਘ ਜੀ

[ਮਾਸਟ੍ਰ ਅਜੀਤ ਸਿੰਘ ਜੀ ਡੱਲ

ਦਾਹੇਮ ਦਰਦੇ ਦਿਲ ਕਿ, ਮਰ ਓਰਾ ਇਲਾਂਜ ਨੇਸਤ,
ਤਾ ਜਾਂ ਨਮੇ ਦਿਹੇਮ । ਮੁਦਾਵਾ ਨਮੇ ਸ਼ਵਦ ।
(ਗ: ਭਾ: ਨੰਦ ਲਾਲ ਜੀ)

ਮਨੁਖਾ ਦੇਹੀ ਸਿਰਜਨਹਾਰ ਦੀ ਇਕ ਅਦ-ਭੁਤ ਰਚਨਾ ਹੈ। ਜਿਵੇਂ ਕਿਸੇ ਕਲ ਜਾਂ ਮਸ਼ੀਨ ਦੀ ਸਮਸਤ ਰੂਪ ਵਿਚ ਜਾਣਕਾਰੀ ਉਸਦੇ ਰਚਨ ਹਾਰ ਨੂੰ ਹੀ ਹੋ ਸਕਦੀ ਹੈ, ਉਸੇਤਰਾਂ ਮਨੁਖਾ ਦੇਹੀ ਵਿਚ ਪੈਦਾ ਹੋਣ ਵਾਲੇ ਸ੍ਰੀਰਕ ਤੇ ਮਾਨਸਿਕ ਵਿਕਾਰਾਂ ਨੂੰ ਇਸ ਦਾ ਸਿਰਜਨਹਾਰ ਮਾਲਕ ਜਾਂ ਜਿਸ ਪੁਰ ਉਸ ਦੀ ਅਪਾਰ ਕ੍ਰਿਪਾ ਹੋਵੇ ਓਹੋ ਹੀ ਜਾਣ ਸਕਦਾ ਹੈ ਅਰ ਇਹਨਾਂ ਦੇ ਦੂਰ ਕਰਨ ਦੀ ਸਮਰਥਾ ਰਖਦਾ ਹੈ। ਜਿਹੜਾ ਇਹਨਾਂ ਵਿਕਾਰਾਂ ਨੂੰ ਦੂਰ ਕਰਨ ਦੀ ਸ਼ਕਤੀ ਦਾ ਮਾਲਕ ਹੋਵੇ, ਉਸ ਨੂੰ ਵੈਦ ਜਾਂ ਵੈਦਰਾਜ ਦੀ ਪਦਵੀ ਦੇਕੇ ਸਨਮਾ-ਨਿਆ ਜਾਂਦਾ ਹੈ। ਵਧੀਕ ਰੂਪ ਵਿਚ ਸ੍ਰੀਰਕ ਤੇ ਮਾਨਸਿਕ ਪ੍ਰਤੀ ਇਕ ਰੂਪਾਂਤਰ ਦੇ ਵੱਖ ਵੱਖ ਵਿਕਾਰ ਹੁੰਦੇ ਹਨ ਤੇ ਇਹਨਾਂ ਨੂੰ ਦੂਰ ਕਰਨ ਲਈ ਮੁਆਲਜ ਵੀ ਵੱਖ ਵੱਖ ਹੀ ਹੋਇਆ ਕਰਦੇ ਹਨ। ਜਿਵੇਂ ਧਨੰਤਰ ਤੇ ਸੁਕ੍ਰਾਤ ਹਕੀਮ ਤੋਂ ਲੈਕੇ ਹੁਣ ਤਕ ਸ੍ਰੀਰਕ ਚਕਿਤਸਾ ਦੇ ਜਾਣ ਕਾਰ ਲੜੀ ਵਾਰ ਹੁੰਦੇ ਚਲੇ ਆ ਰਹੇ ਹਨ, ਉਸੇਤਰਾਂ ਹੀ ਮਾਨਸਿਕ ਅਵਸਥਾ ਦੇ ਸੁਧਾਰਕ ਵੀ ਸ੍ਰਿਸ਼ਟੀ ਦੇ ਸ਼ੁਰੂ ਤੋਂ ਲੈਕੇ ਹੁਣ ਤਕ ਲਗਾਤਾਰ ਹੁੰਦੇ ਆਏ ਹਨ ਤੇ ਇਹ ਸਿਲਸਿਲਾ ਤਦੋਂ ਤਕ ਕਾਇਮ ਰਹੇਗਾ, ਜਦੋਂ ਤਕ ਸ੍ਰਿਸ਼ਟੀ ਤੋਂ ਮਨੁਖਾ ਦੇਹੀ ਦਾ ਅੰਤ ਹੀ ਨਹੀਂ ਹੋ ਜਾਂਦਾ।—

ਜੁਗ ਜੁਗ ਪੀੜੀ ਗੁਰੂ ਚਲੰਦੀ।

ਜਿਵੇਂ ਰਿਕਸ਼ਾ ਗਡੀ ਤੋਂ ਲੈਕੇ ਰੇਲ ਤੇ ਹਵਾਈ ਜਹਾਜ਼ ਆਦਿ ਤਕ ਨੂੰ ਖਿਚਣ ਤਥਾ ਉੜਾਨ ਵਾਲੇ ਨੂੰ ਡਰਾਈਵਰ ਦਾ ਨਾਮ ਦਿਤਾ ਜਾਂਦਾ ਹੈ। ਜਿਵੇਂ ਸਾਗਰਾਂ ਦੇ ਅਥਾਹ ਪਾਣੀਆਂ ਉਤੇ ਛਲਾਂ ਤੇ ਤੂਫਾਨਾਂ ਦੇ ਤਰਸ ਪੁਰ ਡੋਲ ਰਹੀ ਨਉਕਾ ਨੂੰ, ਜੋ ਆਪਣੇ ਬਾਹੂ—ਬਲ ਨਾਲ ਕਿਨਾਰੇ ਤੇ ਲਗਾ ਦੇਂਦਾ ਹੈ, ਉਸ ਨੂੰ ਮਲਾਹ-ਪਦ ਪ੍ਰਦਾਨ ਕੀਤਾ ਜਾਂਦਾ ਹੈ, ਉਸੇਤਰਾਂ ਮਾਨਸਿਕ ਚਕਿਤਸਾ ਦੇ ਪ੍ਰਬੀਨ ਚਕਿਤਸਕ ਨੂੰ, ਜੋ ਭਵ ਸਾਗਰ ਦੇ ਅੰਦਰ, ਮਨੁਖੀ ਮਨ ਦੇ ਨਾਲ ਟਕਰਾਉਂਦੀਆਂ ਹੋਈਆਂ ਮਾਇਕ ਛੱਲਾਂ ਤੇ ਜਵਾਰ ਭਾਟਿਆਂ ਦੇ ਵਿਚੋਂ ਦੀ, ਹਰਤਰਾਂ ਦੀਆਂ ਔਕੜਾਂ ਨੂੰ ਚੀਰਕੇ ਜੀਵਨ ਰੂਪੀ ਬੇੜੀ ਨੂੰ ਸੰਸਾਰ ਸਮੁੰਦਰੋਂ ਪਾਰ ਕਰ ਦੇਂਦਾ ਹੈ, ਮਲਾਹ ਨ ਕਹਿੰਦਿਆਂ ਹੋਇਆਂ ਉਸ ਨੂੰ ਗੁਰੂ ਕਹਿਕੇ ਸਨਮਾਨਿਆਂ ਜਾਂਦਾ ਹੈ। ਅਰ ਗੁਰੂ ਦੀ ਹੋਂਦ ਤਦੋਂ ਤਕ ਕਾਇਮ ਰਹੇਗੀ, ਜਦੋਂ ਤਕ ਮਾਨਸਿਕ ਚਕਿਤਸਾ ਦੀਆਂ ਲੋੜਾਂ ਦਾ ਅੰਤ ਨਹੀਂ ਹੋ ਜਾਂਦਾ। ਅਰਥਾਤ: ਆਪਣੀਆਂ ਮਾਨ-ਸਿਕ ਰੋਗਾਂ ਨੂੰ ਦੂਰ ਕਰਕੇ, ਜੀਵਨ—ਪਦਵੀ ਨੂੰ ਪ੍ਰਾਪਤ ਕਰਦੇ ਹੋਏ, ਪ੍ਰਭੂ ਦੇ ਦਰ ਦਾ ਕੁੰਡਾ ਖਟ-ਖਟਾਉਣ ਵਾਲੇ ਜਦੋਂ ਤਕ ਦੁਨੀਆਂ ਵਿਚ ਕਾਇਮ ਹਨ, ਤਦੋਂ ਤਕ ਇਸ ਰਾਹ ਦੇ ਕੰਡੇ ਕਢਣ ਵਾਲਾ ਤੇ ਹਰ ਪ੍ਰਕਾਰ ਦੀਆਂ ਮਾਨਸਿਕ ਉਲਝਣਾਂ ਨੂੰ ਸੁਲਝਾਕੇ ਅਰਥਾਤ ਹਿਰਦੇ-ਪਟ ਦੀਆਂ ਕਾਲਖਾਂ

ਦੂਰ ਕਰਕੇ, ਰਬੀ–ਪ੍ਰਕਾਸ਼ ਦੇ ਸੂਰਜ ਅਗੋਂ ਬਦਲਾਂ ਰੂਪੀ ਘੁੰਡ ਖੋਹਲਕੇ ਉਸ ਚਮਤਕਾਰੀ ਜੋਤ ਦਾ ਜਲਵਾ ਪ੍ਰਦਾਨ ਕਰਨ ਵਾਲਾ ਪਰਉਪਕਾਰੀ ਉਸ ਦੇ ਮੇਲੀਆਂ ਨੂੰ ਉਸ ਪੂਰਨ–ਪਾਰਬ੍ਰਹਮ ਦੀ ਜੋਤ ਨਾਲ ਮੇਲਦਾ ਹੀ ਰਹੇਗਾ। ਕਿਹੜੀ ਜੋਤ ਨਾਲ ? ਉਸ ਜੋਤ ਨਾਲ ਜੋ ਅੰਡਜ, ਜੇਰਜ, ਸੇਤਜ ਤੇ ਉਤ ਭੁਜ ਆਦਿਕ ਖਾਣੀਆਂ ਦੀ ਆਪਣੀ ਆਤਮ ਸ਼ਕਤੀ ਦੇ ਅਧਾਰ ਤੇ ਉਤਪਤੀ ਕਰਕੇ, ਉਹਨਾਂ ਨੂੰ ਅਲੌਕਿਕ ਜੀਵਨ ਤੇ ਜੋਬਨ ਪ੍ਰਦਾਨ ਕਰਦੀ ਹੋਈ, ਅਨੇਕ ਪ੍ਰਕਾਰ ਦੀਆਂ ਰੰਗਣਾਂ ਵਿਚ ਖੀਵੇ ਕਰਕੇ ਤੇ ਖਰਾਬਾਤ (ਮਸਤੀ) ਦੇ ਪੰਘੂੜੇ ਵਿਚ ਪਾਕੇ ਝੂਟੇ ਦੇਂਦੀ ਤੇ ਨਾਮ ਰੂਪੀ ਅਮਲ ਦੀ ਪੀਂਘ ਤੇ ਬਠਾ-ਲਕੇ ਖੂਬ ਹੁਲਾਰੇ ਦੇਂਦੀ ਹੈ ਅਰ ਹਾਸੀ ਇਹ ਕਰਦੀ ਹੈ, ਕਿ ਜਦੋਂ ਕੋਈ ਜਿੰਦੂ ਉਸ ਨੂੰ ਪਾ ਕੇ ਆਪਣੇ ਆਪੇ ਦੇ ਲੋਰ ਵਿਚ ਮਸਤ ਹੋ ਜਾਵੇ ਤਾਂ ਮਲਕੜੇ ਹੀ ਵਿਚੋਂ ਖਿਸਕ ਜਾਂਦੀ ਹੈ ਤਥਾ ਆਪਣੀ ਸਤਾ ਲੈਕੇ ਤਿਲਕ ਜਾਂਦੀ ਹੈ ਅਰ ਚੇਤ-ਨਤਾ ਵਿਚ ਅਨੰਦਤ ਜਿੰਦੂਆਂ ਨੂੰ ਜੜ ਸਰੂਪ ਵਿਚ ਪਲਟਕੇ ਕਾਰੀ ਸਟ ਮਾਰਦੀ ਹੋਈ, ਆਪਣੀ ਇਹ ਅਨੋਖੀ ਖੇਡ, ਖਿਡਾਰੀ ਦੇ ਰੂਪ ਵਿਚ ਖਿਲਾਰੀ ਰਖਦੀ ਹੈ। ਕਿਸੇ ਮਸਤ ਫਕੀਰ ਨੇ ਇਸ ਦੀ ਅਪਾਰਤਾ ਤੇ ਸੁੰਦਰਤਾ ਨੂੰ ਰੂਪ ਮਾਨ ਕਰਨ ਲਈ, ਇਸ ਨੂੰ ਆਪਣੇ ਦਿਲਬਰ ਦੇ ਰੂਪ ਵਿਚ ਸੰਬੋਧਨ ਕਰਕੇ, ਇਸ ਪ੍ਰਕਾਰ ਤਰਲੇ ਜਹੇ ਦੇ ਰੂਪ ਵਿਚ ਕੁਝ ਦਰਸਾਣ ਦਾ ਯਤਨ ਕੀਤਾ ਹੈ:–

ਕਹਾਂ ਥੀ ਫੂਲ ਮੇਂ ਤਾਕਤ,
ਕਿ ਲਾਲਾਜ਼ਾਰ ਬਣ ਜਾਤਾ।
ਚੁਰਾਈ ਇਸ ਨੇ ਰੰਗਤ ਹੈ,
ਮੇਰੇ ਦਿਲਬਰ ਹੀ ਕੇ ਗਾਲੋਂ ਸੇ।

ਆਪਣੇ ਆਪੇ ਦਾ ਮਦ ਜਿਸ ਦਾ ਕਾਰਨ ਕਿ ਜੀਵ ਰੂਪੀ ਜਿੰਦ ਆਪਣੀ ਬਾਜ਼ੀ ਹਾਰਦੀ ਹੈ, ਇਹ ਉਹਨਾਂ ਵਿਕਾਰਾਂ ਵਿਚੋਂ ਇਕ ਹੈ, ਜਿਨਾਂ ਨੂੰ ਗੁਰੂ ਰੂਪੀ ਵੈਦ ਦੂਰ ਕਰਕੇ ਪੂਰਨ ਸੁਸਥ ਪ੍ਰਦਾਨ ਕਰ ਦੇਂਦਾ ਹੈ, ਤਾਂ ਇਹ ਜੋਤ ਤੇ ਇਸ ਦੀ ਛਾਯਾ ਰੂਪੀ ਵਸਤੂ ਪਰਸਪਰ ਅਭੇਦ ਹੋ ਜਾਂਦੀਆਂ ਹਨ ਤਥਾ ਜੀਵ ਤੇ ਬ੍ਰਹਮ ਵਿਚ ਕੋਈ ਭੇਦ ਨਹੀਂ ਰਹਿੰਦਾ ਤੇ ਜੀਵ ਉਸ ਪੂਰਨ ਅਨੰਦ ਨੂੰ ਪ੍ਰਾਪਤ ਹੋ ਜਾਂਦਾ ਹੈ, ਜਿਸ ਦਾ ਕਿ ਇਕ ਝਲਕਾਰਾ ਮਾਤ੍ਰ ਇਸ ਨੂੰ ਬੇ ਸੁਧ ਕਰਕੇ ਬਾਜ਼ੀ ਉਲਟ ਦੇਂਦਾ ਰਿਹਾ ਸੀ। ਸੋ ਇਹ ਸਤਿਗੁਰ ਦਾ ਰਿਣੀ ਹੁੰਦਾ ਹੋਇਆ ਉਸ ਦੀ ਅਕਥਨੀ ਕ੍ਰਿਤਗਯਤਾ, ਮਹਾਨਤਾ ਤੇ ਉਪਮਾ ਦੇ ਸੋਹਿਲੇ ਗਉਂਦਾ ਤੇ ਉਸਤੋਂ ਵਾਰੇ ਸਦਕੇ ਜਾਂਦਾ ਰਜਦਾ ਨਹੀਂ। ਤੇ ਅਸਚਰਜ ਹੋਕੇ ਬੋਲ ਉਠਦਾ ਹੈ:–

ਗੁਰੂ ਗੋਬਿੰਦ ਦੋਊ ਖੜੇ,
ਕਾਕੇ ਲਾਗੋਂ ਪਾਏ।
ਬਲਿਹਾਰੀ ਗੁਰ ਆਪਣੇ,
ਜਿਨ ਗੋਬਿੰਦ ਦੀਆ ਮਿਲਾਏ।
(ਕਬੀਰ)

ਜਿਸ ਪ੍ਰਕਾਰ ਸ੍ਰੀਰਕ ਰੋਗੀ ਰੋਗ ਤੋਂ ਆਤਰ ਹੋਕੇ ਵੈਦਾਂ ਹਕੀਮਾਂ ਦਾ ਤਰਲਾ ਲੈਂਦੇ ਹਨ, ਉਸੇ-ਤਰਾਂ ਹੀ ਮਾਨਸਿਕ ਰੋਗਾਂ ਦੇ ਡਰ ਤੋਂ ਸਹਿਮਕੇ ਜਾਂ ਪਰਮ ਬ੍ਰਹਮ ਦੀ ਲਖਤਾ ਦੇ ਚਾਹਵਾਨ ਆਪਣੀ ਲਾਲਸਾ ਦੇ ਵੇਗ ਵਿਚ ਵਿਆਕੁਲ ਹੋਕੇ ਮਾਨਸਿਕ ਚਕਿਤਸਕਾਂ ਦੇ ਚਰਨ ਚੁੰਮਦੇ ਤੇ ਸਰਬ ਰੋਗ ਕਾ ਔਖਦ ਨਾਮ ਸ੍ਰਿਸ਼ਟੀ ਦੇ ਅਰੰਭ ਤੋਂ ਲੈਕੇ ਹੁਣ ਤਕ ਪ੍ਰਾਪਤ ਕਰਦੇ ਡਿਠੇ ਗਏ ਹਨ, ਜਿਵੇਂ ਕਬੀਰ ਦੀ ਦਸ਼ਾ ਹੀ ਵੇਖ ਲਵੋ:–

ਲੈਣ ਗੁਰ–ਦੀਖਸ਼ਾ ਦੀਆਂ ਦਲੀਲਾਂ,
ਮਨ ਹੀ ਮਨ ਕਰੇ ਕਬੀਰ ਅਪੀਲਾਂ।
ਇਕ ਦਿਨ ਅੰਦਰੋਂ ਪ੍ਰੇਰਨਾ ਪਾ ਕੇ,
ਢੱਠਾ ਗੁਰਾਂ ਦੇ ਰਾਹ ਵਿਚ ਜਾਕੇ।
ਲਗਾ ਰਾਮਾ ਨੰਦ ਨੂੰ ਠੁੱਡਾ ਚੰਗਾ,
ਗਏ ਪ੍ਰਾਤਕਾਲ ਜਾਂ ਨਾਵਣ ਗੰਗਾ।
ਰਾਮ ! ਰਾਮ ! ਕਰ ਗੁਰੂ ਪੁਕਾਰੇ,
ਉਠ ਭਈਆ ! ਜਪ ਰਾਮ ਪਿਆਰੇ।

ਸੋ ਜਿਵੇਂ ਪਹਿਲੇ ਜੁਗਾਂ ਵਿਚ ਗੁਰੂ ਅਵਤਾਰ ਹੁੰਦੇ ਆਏ ਹਨ, ਉਸੇਤਰਾਂ ਕਲਜੁਗ ਵਿਚ ਇਹ

ਸਿਲਸਿਲਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਕੇ ਹੁਣ ਤਕ ਲਗਾਤਾਰ ਤੁਰਿਆ ਆ ਰਿਹਾ ਹੈ ਅਰ ਉਪਰ ਲਿਖਤ ਪ੍ਰਮਾਨ ਅਨੁਸਾਰ ਸਦਾ ਜਾਰੀ ਰਵੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਲਜੁਗੀ ਜੀਵਾਂ ਦੀ ਅੰਦ੍ਰਲੀ ਅਵਸਥਾ ਨੂੰ ਸੁਧਾਰਨ ਵਾਸਤੇ ਬੜੀਆਂ ਕਰੜੀਆਂ ਘਾਲਣਾਂ ਘਾਲਣੀਆਂ ਪਈਆਂ ਉਹਨਾਂ ਨੂੰ ਪੀੜਤ ਸ੍ਰਿਸ਼ਟੀ ਨੇ ਘਰ ਬਾਰ ਛੁਡਵਾਕੇ ਉਦਾਸੀ ਧਾਰਨ ਕਰਨ ਤੇ ਮਜਬੂਰ ਕੀਤਾ । ਅਰ ਸਮੇਂ ਦੀ ਗਤੀ ਅਨੁਸਾਰ ਸੁਕ ਰਹੇ ਜੀਵ ਰੂਪੀ ਬ੍ਰਿਛ ਬੂਟਿਆਂ ਨੂੰ ਸਿੰਚਨ ਵਾਸਤੇ ਆਪ ਜੀ ਇਕ ਨਿਰਮਲ ਚਸ਼ਮੇ ਵਤ ਵਹਿ ਤੁਰੇ। ਅਰ ਸਾਰੇ ਮਾਰੂ ਰੋਗਾਂ ਦਾ ਖਾਤਮਾ ਕਰਦਿਆਂ ਹੋਇਆਂ ਸਿਖੀ ਦੀ ਇਕ ਅਮੋਲਕ ਫੁਲਵਾੜੀ ਤਿਆਰ ਕਰਨਲਈ ਤੇ ਇਸ ਫੁਲਵਾੜੀ ਦੀ ਖਾਤਰ ਆਪ ਜੀ ਨੂੰ ਤੇ ਆਪ ਜੀ ਦੇ ਮਰ ਜੀਵੜੇ ਸਾਥੀ ਤਥਾ ਸਾਥੀਆਂ ਨੂੰ ਕਈ ਪ੍ਰਕਾਰ ਦੀਆਂ ਕੁੜਿਕੀਆਂ ਵਿਚ ਫਸਕੇ ਆਪਣੀ ਅਡੋਲਤਾ ਦਾ ਸਬੂਤ ਦੇਣਾ ਪਿਆ। ਇਥੋਂ ਤਕ ਕਿ ਬੰਦੀ ਛੋੜ ਸਤਿਗੁਰਾਂ ਨੂੰ ਵੀ ਬੰਦੀ ਪੁਰਸ਼ਾਂ ਦੀ ਬੰਦ ਖਲਾਸੀ ਲਈ, ਲਾਲਾ–ਗੋਲਾ ਬਣਕੇ ਵਿਕਣਾ ਪਿਆ, ਦੁਖੀਆਂ ਦੇ ਦੁਖਾਂ ਦੇ ਭਾਈ ਵਾਲ ਬਣਦੇ ਹੋਏ, ਬਾਬਰ ਦੀਆਂ ਚੱਕੀਆਂ ਝੋਣੀਆਂ ਪਈਆਂ ਤੇ ਮਾਨਸਿਕ ਰੋਗੀਆਂ ਦੇ ਰੋਗ ਦੂਰ ਕਰਨ ਵਾਸਤੇ ਇਟਾਂ ਤੇ ਵਟੇ ਖਾਣੇ ਪਏ। ਆਪ ਜੀ ਦੇ ਸਾਥੀ ਮਰਦਾਨੇ ਨੂੰ ਥਾਂ ਥਾਂ ਤੇ ਮੌਤ ਦੇ ਮੂੰਹ ਵਿਚ ਪੈਕੇ ਆਪਣੇ ਸੁਆਮੀ ਦੀ ਸੇਵਾ ਦਾ ਸਚਾ ਸਬੂਤ ਦੇਣਾ ਪਿਆ, ਭੇਡ ਬਣਕੇ ਜਾਦੂ ਗਰਨੀਆਂ ਦੇ ਜਾਦੂ ਦੇ ਛੌੜ ਕਟਣ ਦਾ ਵਸੀਲਾ ਬਣਨਾ,ਰਾਕਸ਼ਾਂ ਦੇ ਉਧਾਰ ਲਈ ਕੜਾਹਿਆਂ ਦਾ ਸੇਕ ਸਹਿਣਾ ਪਿਆ, ਇਸ ਤੋਂ ਛੁੱਟ ਭੁਖਾਂ ਤੇ ਫਾਕਿਆਂ ਤੋਂ ਤੰਗ ਆਕੇ ਅਕਾਂ ਦੀਆਂ ਖੋਖੜੀਆਂ ਤੇ ਰੁਖਾਂ ਦੇ ਪੱਤੇ ਖਾਕੇ ਗੁਜ਼ਾਰਾ ਕਰਨਾ ਪਿਆ। ਹੋਰ ਵੀ ਕਈ ਪ੍ਰੇਮ ਵਿਧੇ ਪ੍ਰਵਾਨਿਆਂ ਨੂੰ ਆਪਣੇ ਆਪ ਦੀ ਕੁਰਬਾਨੀ ਦੇਕੇ ਸਚੀ ਸਵਾਮੀ–ਭਗਤੀ ਦਾ ਸਬੂਤ ਦੇਣਾ ਪਿਆ। ਐਸੇ ਮਰ ਜੀਵੜਿਆਂ ਨੇ ਸਚੇ ਸਤਿਗੁਰ ਦਾ ਹਰ ਨਵੇਂ ਰੂਪ ਵਿਚ ਹਥ ਵਟਾਇਆ ਤੇ ਇਹ ਸਿਰ ਲੱਥ ਸੂਰਮੇ ਸ਼ਹੀਦ ਅਖਵਾਏ।

ਆਓ! ਹੁਣ ਜਰਾ ਅਸੀਂ ਆਪਣੇ ਮੂਲ ਮਕਸਦ ਵੱਲ ਆਈਏ ਤੇ ਬਾਹਰਵੇਂ ਗੁਰੂ ਨਾਨਕ ਦੀ ਹੋਂਦ ਹਸਤੀ ਉਤੇ ਵਿਚਾਰ ਕਰੀਏ, ਜਿਸਦੀ ਯਾਦ ਵਿਚ ਬੈਠੇ ਅਜ ਅਸੀਂ ਇਹਨਾਂ ਉਚ ਕਰਨੀਆਂ ਨੂੰ ਆਪਣੀ ਸਿੰਮ੍ਰਤੀ ਤੇ ਬਠਾਕੇ ਅਨੰਦ ਮਾਣ ਰਹੇ ਹਾਂ।

ਦਸਮੇਸ਼ ਪਾਤਿਸ਼ਾਹ ਤੋਂ ਪਿਛੋਂ ਜਿਨਾ ਚਿਰ ਆਪ ਜੀ ਦੀ ਸ਼ਖਸੀਅਤ ਦਾ ਅਸਰ ਰਿਹਾ, ਉਨ੍ਹਾਂ ਚਿਰ ਧਰਮ ਪ੍ਰਪੱਕ ਰਿਹਾ, ਪਰ ਸਮਾਂ ਪਾ ਕੇ ਜਦ ਧਰਮ ਦੀ ਗਿਲਾਨੀ ਹੋਣ ਲੱਗੀ ਤੇ ਕੁਰੀਤੀਆਂ ਆਪਣੀ ਅੰਤਲੀ ਸੀਮਾਂ ਤਕ ਜਾ ਪੁਜੀਆਂ ਤਾਂ 'ਅਨੰਤ ਕਲਾ ਲੈ ਠਾਕਰ ਚੜਿਆ' ਦੇ ਵਾਕ ਅਨੁਸਾਰ ਸੰ: ੧੮੭੨ ਦੀ ਬਸੰਤ ਪੰਚਮੀ ਵਾਲੇ ਦਿਨ, 'ਜੋਤ ਓਹਾ ਜੁਗਤ ਸਾਇ, ਸਹਿ ਕਾਇਆ ਫੇਰ ਪਲਟੀਐ' ਦੇ ਨਿਯਮ ਅਨੁਸਾਰ, ਕਲਜੁਗ ਪ੍ਰਮਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੁਆਦਸ ਰੂਪ ਵਿਚ ਪ੍ਰਕਾਸ਼ ਹੋਇਆ।

ਗੁਰੂ ਪ੍ਰਤਾਪ ਸੂਰਜ ਦੀ ਲਿਖਤ ਤੋਂ ਇਹ ਸਪਸ਼ਟ ਰੂਪ ਵਿਚ ਪਤਾ ਲਗਦਾ ਹੈ, ਕਿ ਦਸਮੇਸ਼ ਜੀ ਨੇ ਭਾਈ ਆਲਿਮ ਸਿੰਘ ਜੀ ਨਾਲ ਇਹ ਇਕਰਾਰ ਕੀਤਾ ਸੀ–

ਫੇਰ ਗਿਆਰਵੀ ਹਮ ਚਲ ਆਵਹਿੰ।
ਤਬ ਤੇ ਕੋਇ ਕ ਹਮ ਲਖ ਪਾਵਹਿੰ।
ਪੰਥ ਖਾਲਸਾ ਖੇਤੀ ਮੇਰੀ।
ਕਰਹੁੰ ਸੰਭਾਲਨ ਮੈਂ ਤਿਸ ਬੇਰੀ।

ਸੋ ਗਿਆਰ੍ਹਵੀਂ ਵਾਰ ਆਪ ਜੀ ਗੁਪਤ ਰੂਪ ਵਿਚ ਵਿਚਰਦੇ ਹੋਏ ਆਪਣੀ ਲਾਈ ਹੋਈ ਫੁਲਵਾੜੀ ਤਥਾ ਖੇਤੀ ਦੀ ਰਖਵਾਲੀ ਕਰਦੇ ਰਹੇ। ਅਰ ਇਹ ਭੇਦ ਉਦੋ ਪ੍ਰਗਟ ਹੋਇਆ,ਜਦੋਂ ਆਪਣੇ ਹਥੀਂ ਆਪਣੇ ਦੁਆਦਸ ਰੂਪ ਨੂੰ ਆਪ ਜੀ ਗੁਰਤਾ ਅਰਪਨ ਕਰ ਦਿਤੀ ਤੇ ਪਰਮ–ਪਦ ਦੀ ਪ੍ਰਾਪਤੀ

ਦੇ ਖਾਹਸ਼ ਮੰਦਾਂ ਨੂੰ ਉਹਨਾਂ ਦੀ ਸ਼ਰਣ ਗ੍ਰਹਿਣ ਕਰਕੇ ਅੰਮ੍ਰਿਤ ਪ੍ਰਾਪਤ ਕਰਨ ਲਈ ਪ੍ਰੇਰਿਆ।

ਤ੍ਰਾਟਕੀ ਲੋਕ ਤ੍ਰਾਟਕੇ ਸ਼ਕਤੀ ਦੁਆਰਾ (ਆਪਣੇ ਨੈਣਾਂ ਦੀ ਜੋਤ ਵਧਾਕੇ) ਦੂਸਰਿਆਂ ਤੇ ਜਾਦੂ ਕਰ ਲੈਂਦੇ ਹਨ। ਜਿਵੇਂ ਨੂਰਸ਼ਾਹ ਨੇ ਮਰਦਾਨੇ ਨੂੰ ਭੇਡ ਬਨਉਣ ਸਮੇਂ ਕੀਤਾ ਸੀ। ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਦ੍ਰਿਸ਼ਟੀ ਨੇ ਉਸ ਤੇ ਅਜੇਹਾ ਅਸਰ ਕੀਤਾ ਕਿ ਉਸ ਨੇ ਆਪਣਾ ਕੁਫਰ-ਗੜ ਤੋੜਕੇ ਸਚ ਦਾ ਮਾਰਗ ਅਖਤਿਆਰ ਕਰਦਿਆਂ ਹੋਇਆਂ ਜੀਵਨ-ਪਦ ਪ੍ਰਾਪਤ ਕੀਤਾ। ਗੁਰਬਾਣੀ ਸਾਖ ਭਰਦੀ ਹੈ-

ਜਿਨ ਕਉ ਨਦਰਿ ਕਰਮ ਤਿਨਕਾਰ।
ਨਾਨਕ ਨਦਰੀ ਨਦਰਿ ਨਿਹਾਲ।
(ਜਪੁਜੀ)

ਇਸੇਤਰਾਂ ਜਦੋਂ ਆਪਣੇ ਬਾਰ੍ਹਵੇਂ ਰੂਪ ਵਿਚ ਆਪ ਜੀ ਨੇ ਆਪਣੀ ਕਾਰ ਸੰਭਾਲੀ ਤੇ ਆਪਣੇ ਪ੍ਰਚਾਰ ਦੌਰੇ ਅਰੰਭੇ ਤਾਂ ਅਨੇਕਾਂ ਦੀ ਗਿਣਤੀ ਵਿਚ ਵਿਅਕਤੀਆਂ ਨੇ ਨਤ-ਮਸਤਕ ਹੋਕੇ ਆਪ ਜੀ ਦੀ ਸ਼ਰਨ ਗ੍ਰਹਿਣ ਕਰ ਲਈ। ਅਰਥਾਤ ਆਪ ਜੀ ਆਪਣੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਪਹਿਲਾਂ ਜਗਿਆਸੂਆਂ ਦੀ ਕਾਇਆਂ ਕਲਪ ਕਰ ਲੈਂਦੇ ਸਨ ਤੇ ਮੁੜ ਸੋਨੇ ਉਤੇ ਸੁਹਾਗੇ ਦੀ ਤਰਾਂ ਆਪਣੇ ਅੰਮ੍ਰਿਤ-ਮਈ ਬਚਨਾਂ ਨਾਲ ਸ਼ੁਭ ਉਪਦੇਸ਼ਾਂ ਦੁਆਰਾ ਨਿਹਾਲ ਕਰਕੇ ਪੂਰਨ ਪਦ ਪ੍ਰਦਾਨ ਕਰ ਦੇਂਦੇ ਸਨ। ਭਾਈ ਨੰਦ ਲਾਲ ਜੀ ਸਾਖ ਭਰਦੇ ਹਨ-

ਝਾਲ ਝਿਮੀ ਦੇ ਨਖਰੇ ਵਾਲੀ,
ਝਲੀ ਮੂਲ ਨ ਜਾਂਦੀ ਏ।
ਇਕੋ ਨਜ਼ਰ ਪਿਆਰੇ ਵਾਲੀ,
ਜ਼ਿੰਦਗੀ ਨਵੀਂ ਬਣਾਂਦੀ ਏ।
[ਸਟੀਕ

ਜਹੁਰੀਆਂ ਦੀ ਦ੍ਰਿਸ਼ਟੀ ਦੁਆਰਾ ਲਾਲ ਪਰਖੇ ਜਾਂਦੇ ਹਨ। ਸੋਨੇ ਦੀ ਪਰਖ ਘਸਵਟੀ ਤੇ ਲਾਕੇ ਕੀਤੀ ਜਾਂਦੀ ਹੈ, ਪਰ ਗੁਰੂ ਕੇ ਸਿਖਾਂ ਦੀ ਪਰਖ ਸਮੇਂ ਦੀ ਚਾਲ ਅਨੁਸਾਰ ਸ਼ਹਾਦਤ ਦੀ ਪਰਖ ਰਾਹੀਂ ਹੋਇਆ ਕਰਦੀ ਹੈ। ਸੋ ਮੇਰੇ ਸੁਹਣੇ ਸੁਲਤਾਨ ਨੇ ਆਪਣੇ ਪ੍ਰੇਮ ਪ੍ਰਵਾਨਿਆਂ ਵਿਚੋਂ ਹਰ ਪ੍ਰਕਾਰ ਦੀਆਂ ਧਾਰਮਿਕ, ਸਮਾਜਕ ਤੇ ਸਦਾਚਾਰਕ ਕੁਰੀਤੀਆਂ ਦੂਰ ਕਰਕੇ ਅਤੇ ਪੂਰਨ ਮਰਯਾਦਾ ਅਨੁਸਾਰ ਸੁਰੀਤੀਆਂ ਦਾ ਪ੍ਰਕਾਸ਼ ਕਰਕੇ ਅਜੇਹੀ ਸਪ੍ਰਿਟ ਭਰ ਦਿਤੀ ਸੀ ਕਿ ਸਿਖੀ ਦੀ ਫੁਲਵਾੜੀ ਨੂੰ ਦਗਧ ਕਰਨ ਲਈ, ਪਾਪ ਦੀ ਚਿੰਗਾਰੀ ਅਜੇ ਚਮਕੀ ਹੀ ਸੀ. ਕਿ ਪ੍ਰੇਮ ਬੇਧੇ ਭੌਰਿਆਂ ਤੇ ਪ੍ਰੀਤਮ ਪ੍ਰਵਾਨਿਆਂ ਨੇ ਧਰਮ ਦੇ ਅਖਾੜੇ ਵਿਚ ਆਕੇ ਝੁਰਮੁਟ ਪਾ ਦਿਤਾ ਤੇ ਦੂਰ ਅੰਦੇਸ਼ ਸਤਿਗੁਰ ਰੂਪੀ ਮਾਲੀ ਦੇ ਵਰਜਦਿਆਂ ਵਰਜਦਿਆਂ ਹੀ ਆਪਣੇ ਹਥੀਂ ਸ਼ਹੀਦੀ ਗਾਨੇ ਬੰਨਕੇ ਮੌਤ-ਲਾੜੀ ਦੇ ਵਿਹੜੇ ਵਿਚ ਜਾ ਭੰਗੜਾ ਪਾਇਆ ਤੇ ਇਸ ਕਠਨ ਪ੍ਰੀਖਿਆ ਵਿਚੋਂ ਪਾਸ ਹੋਕੇ ਆਖਿਆ-

ਆਦਿ ਰੂਪ ਵਿਚ ਅੰਗਦ ਇਕੋ
ਮੁੜ ਨਿਤਰੇ ਪੰਜ ਪਿਆਰੇ।
ਬਲੀ ਅਸੀਆਂ ਦੀ ਦੇ ਚਲੇ ਅਜ,
ਦੁਆਦਸ-ਰੂਪ ਦੁਲਾਰੇ।
ਸਤਿਗੁਰ ਸੁਹਣੇ ਵਰਜਿਆ ਜੋ,
ਮਾਤ ਪਾਈ ਘਸਵਟੀ;
ਰਾਮ ਰੂਪ ਤੋਂ ਰਾਮ ਹੋਏ ਜਿਉਂ
ਪਾਰਸ ਪਰਸ ਪਿਆਰੇ।

ਜਿਵੇਂ ਕਿ ਪਿਛੇ ਦਸਿਆ ਜਾ ਚੁਕਾ ਹੈ, ਕਿ ਜੋ ਅਨੇਕਾਂ ਰੋਗੀਆਂ ਨੂੰ ਰਾਜੀ ਕਰਨ ਦੀ ਸਮਰਥਾ ਰਖਦਾ ਹੋਵੇ, ਉਸਨੂੰ ਵੈਦ ਕਿਹਾ ਜਾਂਦਾ ਹੈ, ਪਰ ਅੰਦਰਲੇ ਦੀ ਵਿਗੜੀ ਹੋਈ ਅਵਸਥਾ ਨੂੰ ਸੁਧਾਰਕੇ, ਸੁਤੇ ਪ੍ਰਕਾਸ਼ ਸਮਥ ਪ੍ਰਦਾਨ ਕਰਨ ਵਾਲੇ ਵੈਦ-ਗੁਰੂ ਨੂੰ ਗੁਰੂ ਨ ਕਹਿਣਾ ਬੜਾ ਭਾਰੀ ਅਨਿਆ ਤੇ ਆਪਣੇ ਆਪੇ ਨਾਲ ਧੋਖਾ ਕਰਨਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਅਦਭੁਤ ਕਰਨੀ ਕੀਰਤੀ ਜੋ ਪਹਿਲੇ ਸਤਿਗੁਰਾਂ ਦੇ ਟਾਕਰੇ ਤੇ ਵੀ ਆਪਣੀ ਵਖਰੀ ਹੀ ਨਜ਼ੀਰ ਪੇਸ਼ ਕਰਦੀ ਹੈ, ਦਿਸਦੀ ਅਸਲੀਅਤ ਤੋਂ ਜਾਣ ਬੁਝਕੇ ਅਖਾਂ ਮੀਟਣੀਆਂ ਹਨ। ਇਹ ਗਲ ਅਸਲੇ ਤੋਂ ਬਿਲਕੁਲ

Namdhari Elibrary NamdhariElibrary@gmail.com

ਉਲਟ ਤੇ ਨਿਰਮੂਲ ਹੈ, ਕਿਉਂਕਿ ਸ੍ਰੀ ਦਸਮੇਸ਼ ਜੀ ਨੇ ਗੱਜ ਵੱਜ ਕੇ ਆਖਿਆ ਸੀ ਕਿ:—

ਰਾਮ ਸਿੰਘ ਮੇਰੋ ਹੋਇ ਨਾਮਾ।
ਬਾਢੀ ਸੁਤ ਭੈਣੀ ਕੋ ਧਾਮਾ।
ਤਿਸ ਮਹਿ ਰਾਮ ਸਿੰਘ ਮਮਸਾਰ।
ਦੇਸ਼ ਮਾਲਵੇ ਮਹਿ ਅਵਤਾਰ।

ਪਰ ਕਾਲ ਚੱਕ੍ਰ ਅਨੁਸਾਰ ਅਜ ਕਲ ਦੇ ਸਮੇਂ ਦਾ ਇਹ ਦਸਤੂਰ ਬਣ ਚੁਕਾ ਹੈ, ਕਿ ਅਸੀਂ ਅਸਲੀਅਤ ਤੋਂ ਮੂੰਹ ਮੋੜਕੇ ? ਵੱਲ ਝੁਕਦੇ ਹਾਂ। ਇਸੇ ਰਵਾਜ ਦੀ ਪੈਰਵੀ ਕਰਦੇ ਹੋਏ, ਪਿਉ ਨੂੰ ਪਿਉ ਨ ਕਹਿ ਕਰਕੇ ਚਾਚਾ, ਭਾਪਾ, ਭਾਈਆ ਜਾਂ ਭਾਊ ਕਹਿਕੇ ਪੁਕਾਰਿਆ ਜਾਂਦਾ ਹੈ। ਮਾਂ ਨੂੰ ਸੰਬੋਧਨ ਕਰਨ ਲਗਿਆਂ, ਚਾਚੀ, ਭਾਬੀ ਤੇ ਬੀਬੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ! ਰਬ ਜਾਣੇ ਕਿ ਅਜ ਕਲ ਮਾਪੇ ਕਿਉਂ ਸਹੀ ਰੂਪ ਵਿਚ ਆਪਣੀ ਉਲਾਦ ਦੇ ਮਾਂ, ਪਿਉ ਹੋਣ ਤੋਂ ਮੁਨਕਰ ਹੁੰਦੇ ਹੋਏ ਅਜੇਹੇ ਸ਼ਬਦਾਂ ਦੀ ਵਰਤੋਂ ਆਪਣਿਆਂ ਬਚਿਆਂ ਪਾਸੋਂ ਕਰਵਾਉਂਦੇ ਹਨ। ਇਸ ਦੇ ਦੋ ਹੀ ਉਤਰ ਹੋ ਸਕਦੇ ਹਨ। ਜਾਂ ਕੋਈ ਮੱਕ ਤੇ ਜਾਂ ਸ਼ਰਮ। ਜੇ ਸ਼ਰਮ ਹੈ ਤਾਂ ਇਹ ਅਸਲੀ ਨਹੋਣਕਰਕੇ ਦਿਖਾਵੇ ਦੀ ਹੀ ਕਹੀ ਜਾ ਸਕਦੀ ਹੈ, ਕਿਉਂਕਿ ਕਲੂ ਦੇ ਯੋਗ ਅਨੁਸਾਰ ਅਸਲੀ ਸ਼ਰਮ ਦਾ ਤਾਂ ਦਿਵਾਲਾ ਨਿਕਲ ਚੁਕਾ ਹੈ। ਖਿਮਾ ਕਰਨਾ ਮੈਂ ਨਹੀਂ ਕਹਿ ਰਿਹਾ ਗੁਰਬਾਣੀ ਇਸ ਤੋਂ ਵੀ ਕੁਝ ਅਗੇ ਕਹਿ ਰਹੀ ਹੈ।

ਕਰਮ, ਧਰਮ ਦੋਏ ਛਪ ਖਲੋਏ।
ਕੂੜ ਫਿਰੇ ਪ੍ਰਧਾਨ ਵੇ ਲਾਲੋ।
ਕਾਜੀਆਂ ਬਾਹਮਣਾ ਕੀ ਗਲ ਥੱਕੀ,
ਅਗਦ ਪੜੇ ਸ਼ੈਤਾਨ ਵੇ ਲਾਲੋ।

ਜਦ ਸ਼ੈਤਾਨੀਅਤ ਖੁਦ ਅਨੰਦ ਰਚਾ ਲੈਂਦੀ ਹੈ ਤਾਂ ਫਿਰ ਸ਼ਰਮ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਗਲ ਇਹ ਹੈ, ਕਿ 'ਥੋਥਾ ਚਨਾ ਬਾਜੇ ਘਨਾ।' ਅਸੀਂ ਆਪਣੇ ਸ਼ਰਮਸਾਰ ਹੋਣ ਦਾ ਕੇਵਲ ਦਿਖਾਵਾ ਕਰਦੇ ਹਾਂ ਤੇ ਅਸਲੀਅਤ ਦੂਰ ਹੁੰਦੀ ਹੈ। ਅੰਗ੍ਰੇਜ਼ੀ ਦਾ ਇਕ ਅਖਾਣ ਹੈ। (Lady your protest is toomuch.) ਇਸਦਾਅਰਥ ਹੈ, ਕਿ ਬੀਬੀ ! ਤੂੰ ਆਪਣੇ ਨਿਰਦੋਸ਼ ਹੋਣ ਤੇ ਇਨਾ ਜ਼ੋਰ ਦਿੰਦੀ ਹੈਂ ਕਿ ਨਿਰਦੋਸ਼ ਨਹੀਂ ਜਾਪਦੀ।

ਗਲ ਕੀ ਸਾਡੀ ਇਹ ਆਦਤ ਬਣ ਚੁਕੀ ਹੈ, ਕਿ ਅਸੀਂ ਅਸਲੀਅਤ ਦੀ ਥਾਂ ਬਨਾਵਟ ਨੂੰ ਜ਼ਿਆਦਾ ਪਿਆਰਦੇ ਹੋਏ ਉਲਟ ਸ਼ਬਦ ਵਰਤਣ ਦਾ ਯਤਨ ਕਰਦੇ ਹਾਂ ਅਰ ਇਥੋਂ ਤਕ ਕਿ ਅਸੀਂ ਆਪਣੇ ਸੱਚੇ ਬਾਪੂ ਤੋਂ ਵੀ ਨਿਕਾਬ ਪੋਸ਼ੀ ਕਰਦੇ ਹਾਂ ਤੇ ਉਹਨਾਂ ਨੂੰ ਸਤਿਗੁਰ ਨ ਕਹਿ ਕਰਕੇ ਇਸ ਦੇ ਉਲਟ ਸ਼ਬਦਾਂ ਨਾਲ ਹੀ ਲਗਾਉ ਰਖਦੇ ਹਾਂ।

ਜੇ ਅਸੀਂ ਅਸਲੀਅਤ ਦੇ ਕਦਰ ਦਾਨ ਹੋਈਏ ਤਾਂ ਗੁਰੂ ਦੀ ਹੋਂਦ ਤੋਂਕਦੇਵੀ ਮੁਨਕਰ ਨ ਹੋਈਏ। ਕਿਉਂਕਿ ਖੇਤੀ ਖਸਮਾਂ ਸੇਤੀ, ਬਿਨ ਖਸਮਾਂ ਤੋਂ ਜਿਵੇਂ ਖੇਤੀ ਨਹੀਂ ਪਲ ਸਕਦੀ, ਤਿਵੇਂ ਸਿੱਖੀ ਦੀ ਫੁਲਵਾੜੀ ਵੀ ਪ੍ਰਬੀਨ ਮਾਲੀ ਤੋਂ ਛੁਟ ਪ੍ਰਫੁਲਤ ਨਹੀਂ ਹੋ ਸਕਦੀ। ਸਵਾਣੀ ਦਾ ਮਾਣ ਸੁਆਮੀ ਦੇ ਪਿਛੇ ਹੀ ਹੋਇਆ ਕਰਦਾ ਹੈ, ਬਿਨਾ ਸੁਆਮੀ ਦੇ ਉਸ ਦੀ ਕੋਈ ਪ੍ਰਵਾਹ ਨਹੀਂ ਕਰਦਾ। ਗੁਰਬਾਨੀ ਦੀ ਗਵਾਹੀ ਹੈ—

ਜਿਚਰ ਵਸਿਆ ਕੰਤ ਘਰ,
ਜੀਉ ਜੀਉ ਸਭ ਕਹਾਤ।
ਜਾਂ ਉਠੀ ਚਲਸੀ ਕੰਤੜਾ
ਕੋਇ ਪੁਛੇ ਤੇਰੀ ਬਾਤ।

ਸੋ ਅੰਤ ਵਿਚ ਮੇਰੀ ਉਸ ਸ਼ਹਾਣ ਸਤਿਗੁਰ ਦੇ ਚਰਨਾਂ ਵਿਚ ਬੇਨਤੀ ਹੈ, ਕਿ ਉਹ ਆਪ ਹੀ ਆਪਣੇ ਇਸ ਲੰਬੇ ਬਨਬਾਸ ਨੂੰ ਖਤਮ ਕਰਦੇ ਹੋਏ ਮੁੜ ਅਜੁਧਿਆ ਰੂਪੀ ਭਾਰਤ ਨੂੰ ਆਪਣੇ ਆਗਮਨ ਦਾ ਸੁਭਾਗ ਪ੍ਰਦਾਨ ਕਰਕੇ ਸੁਲਖਨਾ ਕਰਨ। ਕਿਉਂਕਿ ਸਮਾਂ ਕਲਜੁਗ ਦਾ ਹੈ, ਪਰ ਬਨਬਾਸ ਕਾਲ ਤ੍ਰੇਤੇ ਨਾਲੋਂ ਵੀ ਕਈ ਗੁਣਾ ਜ਼ਿਆਦਾ (੧੯੨੯ ਤੋਂ ੨੦੧੬) ਹੋ ਚੁਕਾ ਹੈ ਅਰ ਜਗ

ਰੋਗੀ ਹੌਕੇ ਤੜਪ ਰਿਹਾ ਹੈ। ਇਸ ਲਈ, ਹੇ ਵੈਦਾਂ ਸਿਰ ਵੈਦ ! ਤੇ ਹਕੀਮਾਂ ਦੇ ਸਿਰਤਾਜ ਸਤਿਗੁਰੂ ਜੀ, ਆਪਣੀ ਨਾਮ ਰੂਪੀ ਅਉਸ਼ਧੀ ਦੇ ਜੌਹਰ ਦਿਖਉਂਦੇ ਹੋਏ, ਇਹਨਾਂ ਮਾਰੂ ਰੋਗਾਂ ਦਾ ਜੋ ਧਰਮ ਦੀ ਹਾਨੀ ਕਰ ਰਹੇ ਹਨ ਸਰਬਨਾਸ਼ ਕਰੋ ਤੇ ਅਜੇ-ਹੀਆਂ ਕੂਕਾਂ ਨੂੰ ਜੋ ਪੀੜ ! ਪੀੜ ! ਪੁਕਾਰ ਰਹੀਆਂ ਹਨ,ਸ਼ਾਂਤ ਕਰੋ। ਜਿਵੇਂ–

ਉਹ ਪੀੜਾ ਇਸ ਹਿਰਦੇ ਅੰਦਰ,
ਜਿਸ ਦਾ ਕੋਈ ਇਲਾਜ ਨਹੀਂ।
ਜਦ ਤਕ ਜਾਨ ਨ ਨਿਕਲੀ ਸਾਡੀ,
ਸੁਣਨੀ ਵੈਦ ਅਵਾਜ਼ ਨਹੀਂ।
[ਉਪਲਿਖਤ ਸ਼ਿੰਗਾਰ ਦਾ ਟੀਕਾ

ਦੂਜੇ ਪਾਸੇ ਸਮੇਂ ਦੇ ਸਤਿਗੁਰ ਅਗੇ ਇਹ ਤਰਲਾ ਹੈ. ਕਿ ਉਹ ਵਿਆਕੁਲ ਜੀਵਾਂ ਨੂੰ, ਸਮੇਂ ਦੀ ਨਾਜ਼ਕਤਾ ਤਕਦੇ ਹੋਏ,ਪਿਆਰੇ ਦੇਮਿਲਾਪ ਦਾ ਰਸਤਾ ਦਸਣ, ਕਿਉਂ ਜੋ ਇਹ ਭੀਸ਼ਮ ਹਨੇਰੀ ਬੜੇ ਤਿਖੇ ਵੇਗ ਵਿਚ ਵਹਿੰਦੀ ਹੋਈ, ਸੁਆਮੀ ਦੇ ਗਲੇ ਦਾ ਹਾਰ ਬਣਨ ਵਾਲੇ ਬੜੇ ਸੁੰਦਰ ਪੁਸ਼ਪਾਂ ਨੂੰ ਤੋੜੀ ਜਾ ਰਹੀ ਹੈ। ਅਰ ਭਾਈ ਨੰਦ ਲਾਲ ਜੀ ਉਚੀ ਬਾਂਹ ਕਰਕੇ ਪੁਕਾਰ ਰਹੇ ਹਨ।

ਜਗ ਸਾਰਾ ਏ ਕੈਦੀ ਹੋਂਦਿਆ,
ਪਟੀਆਂ ਦੇ ਝਲਕਾਰੇ ਦਾ।
ਕੀ ਹੋਵੇ ਜੇ ਗੰਢ ਖੋਲਕੇ,
ਦਸਦੇਂ ਭੇਦ ਪਿਆਰੇ ਦਾ।

ਚੀਨੀ ਵਾਲੇ ਦਾ ਆਗਮਨ

[ਵਲੋਂ ਸੂ: ਊਧਮ ਸਿੰਘ ਜੀ 'ਆਜਿਜ਼' ਮੋਰੀ ਵਾਲਾ

ਆਗਮਨ ਸੁਣਕੇ ਇਹ ਚੀਨੀਵਾਲੇ ਪਾਤਸ਼ਾਹ ਦਾ, ਨਚ ਉਠੀ ਅਜ ਕਲੀ ਕਲੀ ਗੁਲਜ਼ਾਰ ਦੀ।
ਝੂਮ ਉਠੇ ਮੋਰ ਤੇ ਪਪੀਹੇ ਸ਼ੋਰ ਪਾਉਣ ਲਗੇ, ਗੀਤਾਂ ਵਿਚ ਕੋਇਲ ਹੈ ਪੀਆ ਨੂੰ ਪੁਕਾਰਦੀ।
ਮਧਮ ਤਾਊਸ ਤੇ ਤਮੂਰੇ ਆਪੇ ਵਜ ਉਠੇ, ਆਉਂਦੀ ਹੈ ਅਵਾਜ਼ ਮਰਦੰਗ ਤੇ ਸਿਤਾਰਦੀ।
ਕੰਨ ਚੁਕ ਚੁਕ ਕਨਸੋ ਵਛੇ ਲੈਣ ਪਏ, ਹਦ ਹੋ ਗਈ ਗਊ ਤੇ ਗ੍ਰੀਬਾਂ ਦੇ ਪਿਆਰਦੀ।
ਖੜੇ ਸਤਿਕਾਰ ਲਈ ਦੁਧ ਚਿਟੇ ਸੂਟ ਪਾਕੇ, ਜਿੰਨਾ ਨੂੰ ਹੈ ਸਿਕ ਲਗੀ ਆਪਦੇ ਦੀਦਾਰ ਦੀ।
ਮਿਠੀ ਮਿਠੀ ਸੁਰ ਵਿਚ ਰਲ ਮਿਲ ਗਾਂਵਦੇ ਨੇ, ਮਾਹੀ ਸਾਡੇ ਔਣਾ ਕਿਉਂਕਿ ਰੁਤ ਹੈ ਬਹਾਰਦੀ।
ਜੰਗਲਾਂ ਤੇ ਬੇਲਿਆਂ ਚੋਂ ਇਹੋ ਹੀ ਆਵਾਜ਼ ਆਵੇ, ਆਉਂਦੀ ਹੈ ਸਵਾਰੀ ਅਜ ਚੀਨੀ ਅਸਵਾਰ ਦੀ।
ਗੋਡਿਆਂ ਤੋਂ ਨੀਵੀਆਂ ਨੇ ਭੁਜਾਂ ਮੇਰੇ ਮਾਹੀ ਦੀਆਂ, ਨਕ ਉਹਦਾ ਤਿਖਾ ਜਿਵੇਂ ਨੋਕ ਤਲਵਾਰ ਦੀ।
ਨਾਮ ਦਾਨ ਦੇਕੇ ਜਿਹੜਾ ਪਾਪੀਆਂ ਨੂੰ ਤਾਰ ਦੇਵੇ, ਮਹਿਮਾ ਨਾ ਕੋਈ ਗਾ ਸਕੇ ਜੀਹਦੇ ਉਪਕਾਰ ਦੀ।
ਦੇਸ਼ ਦਾ ਪੁਜਾਰੀ ਦਿਲਦਾਰੀ ਕਰੇ ਸਾਰਿਆਂ ਦੀ, ਝਾਲ ਨ ਕੋਈ ਝਲ ਸਕੇ ਨੂਰੀ ਕਰਤਾਰ ਦੀ।
ਤਿੰਨ ਲੋਕ ਢੂੰਡ ਲੱਭੀ ਮਿਲਿਆ ਨਾ ਸਾਨੀ ਕੋਈ, ਸੂਰਤ ਨਾ ਦਿਸੇ ਕੋਈ ਓਸਦੇ ਨੁਹਾਰ ਦੀ।
ਬੁਲਬਲਾਂ ਤੇ ਭੌਰਿਆਂ ਨੇ ਗੀਤਾਂ ਵਿਚ ਆਖਿਆ ਏ, ਚੀਨੀਵਾਲੇ ਆਉਣਾ ਹੁਣ ਰੁਤ ਹੈ ਬਹਾਰ ਦੀ।
ਜੀ ਆਇਆਂ ਕਹਿਣ ਓਸ ਸਚੀ ਸ੍ਰਕਾਰ ਤਾਂਈ, ਜੜ ਸੀ ਹਿਲਾਈ ਜਿਨ ਗੋਰੀ ਸ੍ਰਕਾਰ ਦੀ।
ਜੀਹਦੇ ਸਿੰਘਾਂ ਤੋਪਾਂ ਅਤੇ ਫਾਸੀਆਂ ਨੂੰ ਖੇਲ ਜਾਤਾ, ਜਿਨਾਂ ਕੋਲੋਂ ਭੈ ਖਾ ਕੇ ਮੌਤ ਵੀ ਸੀ ਹਾਰ ਦੀ।
ਕਿਸੇ ਵਰਿਆਮ ਵਿਚ ਭਰੀ ਵਰਿਆਮਗੀ ਓਹ, ਇਟਾਂ ਤੇ ਖੜੋਕੇ ਆਨ ਤੋਪ ਨੂੰ ਵੰਗਾਰ ਦੀ।
ਨਿਕੇ ਜਿਹੇ ਬਿਸ਼ਨ ਸਿੰਘ ਵਿਚ ਓਹ ਅਣਖ ਜਾਗੀ, ਕਾਵਨ ਦੀ ਦਾਹੜ੍ਹੀ ਤਾਈਂ ਝਟਕੇ ਸੀ ਮਾਰ ਦੀ।
ਕੋਟਲੇ ਦੇ ਕਲਰਾਂ 'ਚ ਕੂਕਿਆਂ ਦੀ ਖ਼ੂਨ ਵਾਲੀ, ਦੁਨੀਆਂ ਨੇ ਵੇਖੀ ਵਗੀ ਨਦੀ ਠਾਠਾਂ ਮਾਰ ਦੀ।
ਓਨਾ ਕੁਰਬਾਨੀਆਂ ਨੇ ਦੇਸ਼ ਨੂੰ ਆਜ਼ਾਦ ਕੀਤਾ, ਤਾਹੀਓ ਦੇਸ਼ ਵਿਚ ਆਈ ਰੁਤ ਹੈ ਬਹਾਰ ਦੀ।

ਸਤਿਗੁਰ ਜਾਂ ਰਾਜਾ

[ਮਾਸਟਰ ਨਿਹਾਲ ਸਿੰਘ ਜੀ ਬੀ. ਏ. ਸ੍ਰੀ ਜੀਵਨ ਨਗਰ

ਰੱਬ ਇਕ ਗੁੰਝਲਦਾਰ ਬੁਝਾਰਤ,
ਰੱਬ ਇਕ ਗੋਰਖ ਧੰਦਾ।
ਖੋਲ੍ਹਣ ਲਗਿਆਂ ਪੇਚ ਏਸ ਦੇ,
ਕਾਫਰ ਹੋ ਜਾਏ ਬੰਦਾ।
[ਪ੍ਰੋ: ਮੋਹਣ ਸਿੰਘ

ਚਿੱਟਾ ਦੁੱਧ ਮੋਤੀ ਕਿਸੇ ਰੰਗਦਾਰ ਡਬੀ ਵਿੱਚ ਪਾ ਕੇ ਰਖਿਆ ਜਾਵੇ ਤਾਂ, ਮੋਤੀ ਨੂੰ ਵੇਖਣ ਵਾਲਿਆਂ ਨੂੰ ਟਪਲਾ ਲਗ ਜਾਣ ਦੀ ਸੰਭਾਵਨਾਂ ਕੁਦਰਤੀ ਹੈ। ਦਰਸ਼ਕ ਨੂੰ ਮੋਤੀ ਦਾ ਰੰਗ ਓਹੋ ਵਖਾਈ ਦੇਵੇਗਾ, ਜੋ ਰੰਗ ਡਬੀ ਦੇ ਸ਼ੀਸ਼ੇ ਦਾ ਹੈ। ਜੇ ਨੀਲਾ ਰੰਗ ਹੈ ਤਾਂ ਨੀਲਮ, ਅਤੇ ਜੇ ਲਾਲ ਰੰਗ ਦੀ ਡੱਬੀ ਹੈ ਤਾਂ ਜ਼ਮੁੱਰਦ। ਮਗਰ ਮੋਤੀ ਦੀ ਅਸਲੀਅਤ ਉਸ ਵੇਲੇ ਖੁਲੇਗੀ ਜਦ ਡੱਬੀ ਵਿਚੋਂ ਕਢਕੇ, ਸਾਮ੍ਹਣੇ ਰਖਿਆ ਜਾਵੇਗਾ।

ਇਹ ਦੁੱਧ ਚਿੱਟਾ ਮੋਤੀ ਉਹ ਮਹਾਨ ਤੇਜਸਵੀ ਸੂਰਜ ਹੈ ਜੋ ਸਾਰੇ ਸੰਸਾਰ ਦੇ ਗੰਦ ਮੰਦ ਨੂੰ ਆਪਣੀਆਂ ਪਵਿਤਰ ਕਿਰਨਾਂ ਨਾਲ ਧਰਤੀ ਤੋਂ ਚੁਕ ਜਾਂ ਖਿੰਡਾ ਪੁੰਡਾ ਸਾਰੇ ਸੰਸਾਰ ਨੂੰ ਸੁੰਦਰ ਵੇਖਣ ਦਾ ਚਾਹਵਾਨ ਹੈ। ਉਹ ਚਾਹੁੰਦਾ ਹੈ, ਕਿ ਇਸ ਧਰਤੀ ਦੀ ਕਿਸੇ ਨੁਕਰੇ ਵੀ ਗਲਾਜ਼ਤ, ਅਗਿਆਨ ਤੇ ਕਾਲਖ ਤੇ ਹੋਰ ਡਬ-ਖੜਬੇ ਦਾਗ ਉਕੇ ਹੀ ਵਿਖਾਈ ਨ ਦੇਣ।

ਕਰੂਪਤਾ ਉਸਨੂੰ ਉਕੀ ਹੀ ਨਹੀਂ ਭਾਉਂਦੀ। ਹਾਉਕੇ, ਤੇ ਡੋਬੂ ਸਿਸਕੀਆਂ ਉਹ ਸੁਪਨੇ ਵਿਚ ਵੀ ਇਨਾਂ ਕੰਨਾਂ ਨਾਲ ਸੁਣਨਾ ਨਹੀਂ ਚਾਹੁੰਦਾ। ਕੁਮਲਾਹਟ ਤੇ ਉਦਾਸੀ ਦੀ ਥਾਈਂ, ਚਾਉ, ਖੇੜਾ ਤੇ ਸੰਗੀਤ ਤਕਣ ਤੇ ਸੁਣਨ ਦਾ ਮੁਸ਼ਤਾਕ ਹੈ। ਉਹ ਚਾਹੁੰਦਾ ਹੈ ਕਿ ਇਹ ਸੰਸਾਰ ਇਤਨਾ ਸੁੰਦਰ ਬਣ ਜਾਵੇ ਕਿ, ਖੁਦ ਅਕਾਲ ਪੁਰਖ ਅਰਸ਼ਾਂ ਕੁਰਸ਼ਾਂ ਨੂੰ ਤਿਆਗ, ਧਰਤੀ ਦੇ ਨਵੇਂ ਸੁਰਗ ਵੇਖ ਆਪ ਵੀ ਆਪਣੀ ਏਸੋ ਸਵਰਗਾ ਪੁਰੀ ਦੇ ਦੇਵਤਿਆਂ ਨੂੰ ਗਲਵਕੜੀ ਪਾਉਣ ਵਾਸਤੇ ਤਿਆਰ ਹੋ ਜਾਵੇ। ਤੇ ਏਥੋਂ ਦੇ ਦੇਵੀ ਦੇਵਤਿਆਂ ਨਾਲ ਘੁਲਿਆ ਮਿਲਿਆ ਵਖਾਈ ਦੇਵੇ। ਉਸ ਮਹਾਨ ਪੁਰਸ਼ ਨੂੰ ਕੋਈ ਸੁਧਾਰਕ ਆਖਦਾ ਹੈ। ਕੋਈ ਪੋਲੀਟੀਕਲ ਨੇਤਾ ਦਸਦਾ ਹੈ। ਕੋਈ ਇਨਕਲਾਬੀਆਂ ਦਾ ਰਾਹਨੁਮਾ ਕਹਿੰਦਾ ਹੈ। ਕੋਈ ਸ਼ਾਂਤ ਮਈ ਅਵਤਾਰ ਮੰਨਦਾ ਹੈ। ਕੋਈ ਰਾਜਾ ਜਾਣ ਭੈ ਖਾਂਦਾ ਹੈ, ਕੋਈ ਸਤਿਗੁਰੂ ਜਾਣ ਵਾਰੇ ਵਾਰੇ ਹੁੰਦਾ ਹੈ। ਪਰ ਉਹ ਕੀ ਹੈ? ਉਹ ਸੀ ਸਭ ਕੁਝ। ਉਹ ਹੈ ਸਭ ਕੁਝ। ਜੈਸੀ ਕਿਸੇ ਨੂੰ ਨਜ਼ਰ ਪ੍ਰਾਪਤੀ ਹੋਈ ਵੈਸਾ ਹੀ ਉਸ ਨੇ ਦਸਿਆ।

ਉਸ ਪਾਤਸ਼ਾਹ ਦੇ ਅਵਤਾਰ ਧਾਰਨ ਤੋਂ ਪਹਿਲਾਂ, ਭਾਰਤ ਗੁਲਾਮ ਸੀ। ਅਤੇ ਸੰਸਾਰ ਦਾ ਬਹੁਤਾ ਹਿੱਸਾ ਜਰਵਾਣਿਆਂ ਦੇ ਜ਼ਬਰਦਸਤ ਸੰਗਲਾਂ ਵਿਚ ਜਕੜਿਆ ਹੋਇਆ ਸੀ। ਤਗੜਿਆਂ ਦੀ ਲੁਟ ਜਾਰੀ ਸੀ। ਡਾਢੇ ਬਿਨਾਂ ਡਕਾਰ ਲਿਸਿਆਂ ਦਾ ਲਹੂ ਪੀਤੀ ਜਾ ਰਹੇ ਸਨ। ਤੇ ਉਹਨਾਂ ਦਾ ਮਾਸ ਤਲਣ ਵਾਸਤੇ ਲੂਣ ਮਸਾਲੇ ਰਗੜ ਰਹੇ ਸਨ ਤੇ ਕੜਾਹਿਆਂ ਹੇਠਾਂ ਦਬਾ ਦਬ ਅਗ ਬਾਲ ਰਹੇ ਸਨ।

ਤੇ ਇਸ ਦੇ ਨਾਲ ਹੀ, ਜਿਹੜੀ ਸੁੰਦਰ ਲੀਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਰੀ ਸੀ, ਅਤੇ ਜਿਸ ਦੀ ਉਸਾਰੀ ਵਾਸਤੇ ਪੰਚਮ ਪਾਤਸ਼ਾਹ ਲੋਹ ਤੇ ਬੈਠ ਸਮਾਧੀ ਲਾਈ ਸੀ। ਜਿਸ ਦੀ ਪੁਖਤਗੀ ਵਾਸਤੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਆਪਣਾ ਸਾਰਾ ਸਰਬੰਸ ਲਾ ਦਿਤਾ ਸੀ, ਉਸ ਸੜਕ ਦੇ

ਪਾਂਧੀ ਚਲਦੇ ਚਲਦੇ, ਸੜਕੋਂ ਉਖੜ, ਉਜਾੜੀਂ ਜਾ ਫਸੇ ਸਨ। ਉਹਨਾਂ ਦੇ ਲੀੜੇ ਲੀਰੋ ਲੀਰ ਹੋ ਰਹੇ ਸਨ, ਤੇ ਸ੍ਰੀਰ ਵਿਚੋਂ ਲਹੂ ਸਿੰਮ ਸਿੰਮ ਪੈ ਰਿਹਾ ਸੀ। ਜਦ ਘਰ ਵਾਲਿਆਂ ਦੀ ਇਹ ਹਾਲਤ ਹੋਵੇ ਤਾਂ ਦੂਜਿਆਂ ਦਾ ਕੀ ਦੋਸ਼?

ਲੰਮੀਆਂ ਭੁਜਾਂ ਵਾਲੇ ਸ਼ਹਿਨ ਸ਼ਾਹ ਨੇ ਇਕਾਗ੍ਰਤਾ ਵਿਚ ਬੈਠ ਪ੍ਰੋਗ੍ਰਾਮ ਉਲੀਕਿਆ। ਗੁਆਚਿਆਂ ਨੂੰ ਭਾਲ ਭਾਲ, ਘੇਰ ਘਾਰ ਘਰੀਂ ਲਿਆਂਦਾ। ਉਨਾਂ ਵਾਕਿਆਤ ਨੂੰ ਇਕ ਸਹੋਦਰ ਇਉਂ ਕਲਮ ਬੰਦ ਕਰਦਾ ਹੈ:-

ਹੁੱਕੇ ਛਡਵਾਏ ਰਖਵਾਏ ਕੇਸ ਮੋਨਿਉਂਕੇ,
ਸੁਧਾ ਛੱਕ ਥਾਏ ਸਿਖ, ਭਾਗ ਜਿਨੈ ਜਾਗਿਓ।
ਫੈਲਿਉ ਜਸ ਭਾਰੀ, ਸਿੱਖ ਥੀਏ ਤਾਹਿਕੇ ਅਪਾਰੀ,
ਸਿਖ ਪੰਥ ਬਿਰਧਾਯੋ, ਨਾਮ ਰਸ ਪਾਗਿਓ।
ਫੀਮ ਭੰਗ,ਪੋਸਤ, ਸ਼ਰਾਬ, ਮਾਸ,ਚੋਰੀ, ਯਾਰੀ,
ਠੱਗੀ ਤਜ, ਥੀਏ ਸੰਤ, ਸਤਿਜੁਗ ਆਗਿਓ।

ਉਸ ਚੀਨੀ ਵਾਲੇ ਮਹਾਰਾਜ ਨੇ ਪੰਜਾਂ ਦਰਿਆਵਾਂ ਦੀ ਧਰਤੀ ਦੇ ਚੱਪੇ ਚੱਪੇ ਦਾ ਦੌਰਾ ਕੀਤਾ। ਲੋਕਾਂ ਅੰਦਰੋਂ ਬੁਰੀਆਂ ਰਸਮਾਂ ਤੇ ਗੰਦੀਆਂ ਹਰਕਤਾਂ ਕਢੀਆਂ। ਕੁੜੀਆਂ ਨੂੰ ਮਾਰਨਾ ਤੇ ਵੇਚਣਾ ਸਮਾਜ ਤੇ ਦੇਸ਼ ਵਾਸਤੇ ਬੱਜਰ ਪਾਪ ਦਰਸਾਇਆ। ਉਸ ਅਲੌਕਿਕ ਬੁਧੀ ਦੇ ਮਾਲਕ ਦੀ ਰਸਨਾਂ ਵਿੱਚ ਅੰਮ੍ਰਿਤ ਸੀ, ਜੋ ਬਚਨ ਮੂੰਹੋਂ ਨਿਕਲ ਦਾ ਉਹ ਜਨਮਾਂ-ਜਨਾਂਮਾਤਰਾਂ ਦੀਆਂ ਸੁਕੀਆਂ ਸੜੀਆਂ ਰੂਹਾਂ ਨੂੰ ਟੁੰਬ ਜਗਾਂਦਾ ਸੀ। ਉਸ ਦੇ ਨੇਤਰਾਂ ਵਿੱਚ ਕਸ਼ਸ਼ ਸੀ, ਜਿਸ ਵਲ ਨਿਗਾਹ ਭਰਕੇ ਤੱਕਦਾ ਉਸ ਦੀ ਜੁਗਾਂ ਜਗੰਤਰਾਂ ਦੀ ਦਿਲਾਂ ਤੋਂ ਮੈਲ ਧੋ ਸੁਟਦਾ ਸੀ। ਥੋੜੇ ਸਮੇ ਵਿੱਚ ਲੱਖਾਂ ਸਤਿਜੁਗੀ ਸੈਨਕ ਉਸ ਦੇ ਸਤਿਜੁਗੀ ਝੰਡੇ ਹੇਠਾਂ ਇੱਕਠੇ ਹੋ ਗਏ। ਉਸ ਨੇ ਸਾਰੇ ਸੰਸਾਰ ਨੂੰ ਸਾਊ ਤੇ ਸਭਯ ਬਨਾਉਣ ਦਾ ਪ੍ਰੋਗ੍ਰਾਮ ਬਣਾ ਲਿਆ। ਮਗਰ ਜਿਥੇ ਦਾਸਤਾ ਹੋਵੇ, ਓਥੇ ਸਭਿਅਤਾ ਦਾ ਕੀ ਕੰਮ? ਜਿਹੜਾ ਆਪ ਹੀ ਸਵੈਤੰਤਰ ਨਹੀਂ, ਉਹ ਦੂਜਿਆਂ ਦੀ ਸਹਾਇਤਾ ਕੀ ਕਰ ਸਕਦਾ ਹੈ। ਸੁਤੰਤਰਤਾ ਦਾ ਆਸ਼ਕ ਚਾਹੁੰਦਾ ਹੈ ਕਿ:-

ਕੋਈ ਗੁਲਾਮ ਨ ਰਹੇ,
ਕੋਈ ਕਿਸੇ ਨੂੰ ਗੁਲਾਮ ਨ ਬਣਾਵੇ।
ਨਾ ਕੋਈ ਕਿਸੇ ਦਾ ਦਾਸ ਬਣੇ,
ਨਾ ਕੋਈ ਕਿਸੇ ਨੂੰ ਦਾਸ ਬਣਾਵੇ।

ਬਸ ਇਹੋ ਉਸ ਦਾ ਨਿਸ਼ਾਨਾਂ ਹੁੰਦਾ ਹੈ। ਤੇ ਇਸੇ ਦੀ ਉਹ ਪੂਰਤੀ ਚਾਹੁੰਦਾ ਹੈ। ਹੁਣ ਗੁਲਾਮੀ ਹਟੇ ਕਿਵੇਂ? ਵੈਰੀ ਤਾਂ ਉਹ ਹੈ ਕਿਸੇ ਦਾ ਨਹੀਂ, ਉਹ ਵੈਰੀ ਹੈ ਤਾਂ ਕੇਵਲ ਬੇ-ਨਿਆਈਂ ਦਾ, ਬੇ-ਅਸੂਲੀ ਦਾ, ਬੇ ਅਮਲੀ ਦਾ, ਮੂਰਖਤਾ ਦਾ, ਉੱਜਡ ਪੁਣੇ ਦਾ।

ਉਹ ਚਾਹੁੰਦਾ ਸੀ, ਤੇ ਚਾਹੁੰਦਾ ਹੈ, ਕਿ ਹਰ ਪੁਰਸ਼ ਆਪਣੇ ਘਰ ਰਾਜ਼ੀ ਬਾਜ਼ੀ ਰਹੇ।

ਧਰਮ ਦੀ ਕਿਰਤ ਕਰੇ,
ਵੰਡ ਖਾਵੇ,
ਰੱਬ ਦੀ ਯਾਦ ਵਿੱਚ ਰਹੇ।

ਬਸ ਉਸ ਦੀ ਫਿਲਾਸਫੀ, ਇਨਾਂ ਤਿੰਨਾਂ ਧੁਰਾਂ ਤੇ ਟਿਕਦੀ ਹੈ। ਹੁਣ ਭਾਰਤ ਹੀ ਗੁਲਾਮ ਸੀ। ਦੂਜਿਆਂ ਨੂੰ ਉਪਦੇਸ਼ ਕਿਵੇਂ ਕਾਟ ਕਰੇ? ਹਜ਼ੂਰ ਨੇ ਜਿੱਥੇ ਭਾਰਤ ਦੀ ਗੁਲਾਮੀ ਦੇ ਸੰਗਲ ਤੋੜਨ ਦੀ ਵਿਉਂਤ ਕਢ ਲਈ, ਉਸ ਦੇ ਨਾਲ ਕੀੜਿਆਂ ਖਾਧੇ ਪੁਰਾਣੇ ਢਾਂਚੇ ਨੂੰ ਬਦਲਣ ਦਾ ਦ੍ਰਿੜ੍ਹ ਇਰਾਦਾ ਕਰ ਲਿਆ। ਜਿਥੇ ਬਦੇਸੀ ਸਰਕਾਰ ਹੋਰਨਾਂ ਨੂੰ ਕਾਬੂ ਰਖਣ ਵਾਸਤੇ ਨਵੇਂ ਨਵੇਂ ਤੇ ਦਿਲ ਖਿਚਵੇਂ ਢੰਗ ਵਰਤ ਰਹੀ ਸੀ, ਉਥੇ ਇਹ ਸਾਰੇ ਸੰਸਾਰ ਦਾ ਭਲਾ ਲੋੜਕ, ਉਹਨਾਂ ਚਾਲਾਂ ਨੂੰ ਬਦਲਣ ਤੇ ਆਮ ਲੋਕਾਂ ਦੇ ਦਿਲਾਂ ਵਿੱਚ ਉਹਨਾਂ ਖਿਲਾਫ ਘਿਰਨਾਂ ਪੈਦਾ ਕਰਨ ਲਈ ਬਾਨਣੂ ਬੰਨ੍ਹ ਰਹਿਆ ਸੀ।

ਉਸ ਸਵੈਤੰਤ੍ਰਤਾ ਸੰਗਰਾਮੀਏ ਦਾ ਉਪ-ਦੇਸ਼ ਸੀ-ਘਰ ਆਪਣਾ ਸੰਭਾਲੋ ਚੋਰ ਨ ਕਿਸੇ ਨੂੰ ਆਖੋ। ਇਹ ਅਸੂਲ ਇਤਨਾਂ ਗੰਭੀਰ ਤੇ ਪੁਰ ਅਸਰ ਸੀ ਕਿ ਸੁਣਦਿਆਂ ਸਾਰ ਦਿਲ ਦੀਆਂ ਅੰਦਰਲੀਆਂ ਤੈਹਾਂ ਤਕ ਪੁਜ ਜਾਂਦਾ ਸੀ, ਤੇ ਹੌਲੇ

ਹੌਲੇ ਲਹੂ ਦੇ ਗੇੜੇ ਨਾਲ ਸਾਰੇ ਸਰੀਰ ਵਿੱਚ ਹਰਕਤ ਦੇਣ ਲਗ ਪੈਂਦਾ ਸੀ।

ਇਹਨਾਂ ਦੇ ਜਾਦੂ ਭਰਿਆਂ ਬਚਨਾਂ ਨੇ ਪੰਜਾਬ ਦੇ ਨਰ ਨਾਰੀਆਂ ਨੂੰ ਇਤਨਾਂ ਮੋਹਿਆ ਕਿ ਜੋ ਸੁਣਦਾ ਉਸ ਜਾਦੂਗਰ ਦੇ ਮੂੰਹੋਂ ਨਿਕਲੇ ਸ਼ਬਦਾਂ ਨੂੰ ਉਸ ਤੇ ਅਮਲ ਸ਼ੀਘਰ ਕਰਨ ਲਗ ਜਾਂਦਾ। ਘੇਰਾ ਦਿਨੋਂ ਦਿਨੀ ਵਧਦਾ ਜਾਵੇ। ਲੱਖਾਂ ਸਵੈਤੰਤ੍ਰਤਾ ਦੇ ਸੈਨਕ ਸ੍ਵਤੰਤਰਤਾ ਦੇ ਝੰਡੇ ਹੇਠਾਂ ਇੱਕਠੇ ਹੋ ਗਏ। ਨੌਕਰ ਸ਼ਾਹੀ ਨੂੰ ਫਿਕਰ ਪੈ ਗਿਆ। ਪਰ ਇਹ ਕਰੇ ਤੇ ਕੀ ਕਰੇ। ਆਪਣੇ ਘਰ ਨੂੰ ਸਾਂਭਣਾਂ ਤੇ ਇਸ ਦਾ ਪ੍ਰਚਾਰ ਕਰਨਾ ਕੋਈ ਮਾੜਾ ਨਹੀਂ ਕਹਿ ਸਕਦਾ ਤੇ ਨ ਹੀ ਕੋਈ ਕਾਨੂੰਨ ਇਸ ਨੂੰ ਮਾੜਾ ਦੱਸ ਸਕਦਾ ਹੈ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਤਿਜੁਗੀ ਸੈਨਕ ਕਹਿਲਵੋ; ਸਭਿਅਤਾ ਦੇ ਪ੍ਰਚਾਰਕ ਕਹਿ ਲਵੋ; ਦੇਸ਼ ਭਗਤ ਆਖ ਲਵੋ; ਇਨ੍ਹਾਂ ਦੇ ਵਹੀਰਾਂ ਦੇ ਵਹੀਰ ਵਿਖਾਈ ਦੇਣ ਲਗ ਪਏ। ਸੁੰਦਰ, ਸਡੌਲ, ਛੈਲ ਛਬੀਲੇ ਮਰਦ ਇਸਤਰੀਆਂ, ਚਿੱਟੇ ਖੱਦਰ ਦੇ ਕਪੜਿਆਂ ਵਿਚ, ਹੱਥੀਂ ਮਾਲਾ, ਰਸਨਾਂ ਤੇ ਨਾਮ ਸਿਮਰਨ, ਦਿਲ ਯਾਰ ਵਲ ਹੱਥ ਕਾਰ ਵਲ, ਵਿਖਾਈ ਦੇਂਦੇ ਸਨ। ਉਨ੍ਹਾਂ ਨੂੰ ਵੇਖਦਿਆਂ ਮੋਹਿਤ ਹੋਈ ਜਾਈਦਾ ਸੀ। ਜਿੱਥੇ ਕਿਸੇ ਦੀ ਵਸਤੂ ਪਈ ਹੋਵੇ, ਪਈ ਰਹੇ। ਘਰ ਬਾਹਰ ਖੁਲੇ। ਵਾਗੀ ਪਸ਼ੂਆਂ ਨੂੰ ਕਿਸੇ ਦੇ ਖੇਤ ਦੀ ਤਿੜ ਵੀ ਨਹੀਂ ਖਾਣ ਦੇਂਦੇ ਸਨ। ਵੱਛੇ ਵੱਛੀਆਂ, ਤੇ ਕੱਟੂ--ਕਟੀਆਂ ਦੇ ਮੂੰਹ ਬੰਨ੍ਹ ਘਰੀਂ ਲਿਆਉਂਦੇ ਸਨ। ਸਾਰੇ ਵੰਡਕੇ ਖਾਂਦੇ ਸਨ। ਆਪਣੇ ਨਾਲੋਂ ਦੂਜਿਆਂ ਨੂੰ ਖੁਆਕੇ ਖੁਸ਼ ਹੁੰਦੇ ਸਨ। ਸਾਦਾ ਖਾਂਦੇ ਸਨ ਤੇ ਰੱਬੀ ਰੰਗ ਵਿੱਚ ਮਸਤ ਰਹਿੰਦੇ ਸਨ।

ਹੱਥੀਂ ਕੰਮ ਕਰਨ ਵਿੱਚ ਇਹਨਾਂ ਨੂੰ ਖੁਸ਼ੀ ਪ੍ਰਾਪਤ ਹੁੰਦੀ ਸੀ। ਚਵ੍ਹੀਂ ਪਾਸੀਂ ਪ੍ਰੇਮ ਦੀ ਗੰਗਾ ਉਛਾਲੇ ਖਾਣ ਲਗ ਪਈ। ਜੇ ਕਿਤੇ ਘਰਾਂ ਦੇ ਭਾਂਡੇ ਆਪੋ ਵਿੱਚ ਠਹਿਕ ਪੈਂਦੇ, ਤਾਂ ਉਸ ਠਹਿਕਣ ਦੀ ਆਵਾਜ਼ ਤਕ ਵੀ ਨਹੀਂ ਆਉਂਦੀ ਸੀ। ਉਸ ਠਹਿਕੇ ਨੂੰ ਘਰ ਵਿੱਚ ਹੀ ਨਿਬੇੜ ਲੈਂਦੇ। ਦੂਜੇ ਕੰਨ ਤੱਕ ਭਿਣਕ ਤਕ ਨਹੀਂ ਪੈਂਦੀ ਸੀ। ਨ ਅਦਾਲਤ ਦੀ ਲੋੜ ਨ ਵਿਹਲੇ ਮੁਨਸ਼ੀਆਂ ਤੇ ਵਕੀਲਾਂ ਨੂੰ ਫੀਸਾਂ। ਪੰਜਾਬ ਦੀਆਂ ਅਦਾਲਤਾਂ ਵਿਹਲੀਆਂ ਵਿਹਲੀਆਂ ਜਾਪਣ ਲਗ ਪਈਆਂ।

ਇਹਨਾਂ ਸਤਿਜੁਗੀ ਸੈਨਕਾਂ ਕਚਹਿਰੀਆਂ ਨਾਲ ਕਾਟਾ ਕਰਨ ਦੇ ਨਾਲ ਨਾਲ, ਰੇਲਾਂ ਨਾਲੋਂ ਵੀ ਰਿਸ਼ਤਾ ਤੋੜ ਲਿਆ। ਘੋੜੇ ਟਟੂ ਨੂੰ ਮੁੜ ਪ੍ਰਧਾਨਗੀ ਮਿਲ ਗਈ--ਬਦੇਸਾਂ ਦੀ ਖੰਡ ਨਾਲੋਂ ਘਰਾਂ ਦੇ ਗੁੜ ਸ਼ਕਰ ਮੁਹਰਲੀ ਕਤਾਰ ਵਿੱਚ ਆ ਗਏ। ਖੱਦਰ ਨੇ ਮਾਨਚਸਟਰ ਨੂੰ ਜੰਦਰੇ ਲੁਆਣੇ ਸ਼ੁਰੂ ਕਰ ਦਿਤੇ। ਵਲੈਤੀ ਜੁਲਾਹਿਆਂ ਦੇ ਘਰੀਂ ਸੋਗ ਵਰਤ ਗਇਆ। ਇੰਗਲੈਂਡ ਦੇ ਕੈਮਿਸਟ ਤੇ ਦਵਾਈਆਂ ਤਿਆਰ ਕਰਨ ਵਾਲੇ ਵੇਹਲੇ ਹੋ ਮੱਖੀਆਂ ਦੇ ਸ਼ਿਕਾਰ ਲਈ ਕਮਰ ਕੱਸੇ ਕਰ ਲਏ। ਇਹ ਸਭ ਕੁਝ ਵੇਖ ਹੁਕਮਰਾਨਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲਣੀ ਅਰੰਭ ਹੋ ਗਈ। ਗੱਲ ਕਾਹਦੀ, ਨਾਮਧਾਰੀਆਂ ਦੇ ਇਸ ਸਾਧਾਰਨ ਤੇ ਸਰਲ ਪਰੋਗ੍ਰਾਮ ਨੇ ਬਦੇਸ਼ੀਆਂ ਤੇ ਬਿਨਾਂ ਤਲਵਾਰ ਬੰਦੂਕ ਚਲਾਏ, ਹਫੜਾ ਦਫੜੀ ਪੁਆ ਦਿਤੀ। ਸ਼ਤਰੂਆਂ ਦੀਆਂ ਸਫਾਂ ਦੀਆਂ ਸਫਾਂ ਵਲ੍ਹੇਟੀਆਂ ਜਾਣੀਆਂ ਦਿਸਣ ਲਗ ਪਈਆਂ। ਮਗਰ ਇਨਕਲਾਬੀ ਚੜ੍ਹਦੀਆਂ ਕਲਾਂ ਵਿਚ ਸਨ। ਇਨ੍ਹਾਂ ਦੀ ਗਿਣਤੀ ਦਿਨ ਦੂਣੀ ਤੇ ਰਾਤ ਚੌਣੀ ਵਧਣੀ ਸ਼ੁਰੂ ਹੋ ਗਈ। ਤੇ ਬਦੇਸੀਆਂ ਦੇ ਲਹੂ ਸੁਕਣ ਲਗ ਪਏ।

ਚੀਨੀ ਵਾਲੇ ਪਾਤਸ਼ਾਹ ਆਪਣੇ ਮਿਸ਼ਨ ਦੀ ਪੂਰਤੀ ਵਾਸਤੇ, ਗਵਾਂਢੀ ਦੇਸ਼ਾਂ ਤੇ ਸੂਬਿਆਂ ਨੂੰ ਨਾਲ ਰਲਾਉਣਾ ਚਾਹਿਆ। ਕਸ਼ਮੀਰ,ਨੀਪਾਲ ਦੱਕਨ, ਕਾਬਲ ਤੇ ਰੂਸ ਤਕ ਸਵੈਤੰਤ੍ਰਤਾ ਦੀ ਫੂਕ ਮਾਰ ਦਿਤੀ, ਤਾਂਕਿ ਸਾਰੇ ਸੰਸਾਰ ਤੋਂ ਦਲਿਦਰ ਘਟੇ। ਲਹੂ ਪੀਣਿਆਂ ਦੀ ਵਾਦੀ ਦੂਰ ਹੋਵੇ। ਇਸ ਗੰਦਗੀ ਦਾ ਖੁਰਾ ਖੋਜ ਮਿਟ ਜਾਵੇ।

ਇਹ ਸਭ ਕੁਝ ਵੇਖ ਆਪਣੇ ਆਪਣੇ ਨਜ਼-

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ

[ਸੰਤ ਤਰਨ ਸਿੰਘ ਜੀ ਸੰਤ ਨਗਰ

ਗੁਰੂ ਨਾਨਕ ਜੀ ਦਾ ਸ੍ਰੀ ਮੁਖ ਵਾਕ ਜੋ ਗੁਰੂ ਅਰਜਨ ਦੇਵ ਜੀ ਨੇ ਬਸੰਤ ਰਾਗ ਦੇ ਅਰੰਭ ਵਿਚ ਹੀ ਦਿਤਾ ਹੈ । ਇਹ ਸਾਨੂੰ ਸਿਖਿਆ ਉਤ-ਸਾਹ ਭਰਿਆ ਸੁਨੇਹਾਂ ਗੁਰੂ ਸਾਹਿਬ ਜੀ ਵਲੋਂ ਸਦਾ ਲਈ ਮਿਲਦਾ ਹੈ। ਕਿ ਇਹ ਮਾਹ ਮੁਮਾ-ਰਖੀ ਹੈ।

ਹੁਣ ਅਸਾਂ ਇਸ ਤੇ ਵਿਚਾਰ ਕਰਨੀ ਹੈ। ਕਿ ਹੋਰ ਰੁਤਾਂ ਤੇ ਮਹੀਨਿਆਂ ਨਾਲੋਂ ਇਹ ਕਿਵੇਂ ਮੁਮਾਰਖੀ ਮਾਹ ਸਿਧ ਹੁੰਦਾ ਏ। ਹੋਰ ਰੁਤਾਂ ਤੇ ਮਹੀਨਿਆਂ ਨੂੰ ਕਿਉਂ ਏਨਾਂ ਸੁਭਾਗਾ ਤੇ ਵਡਾ ਨਹੀਂ ਲਿਖਿਆ ਇਤਿਹਾਸ ਫੋਲਿਆਂ ਇਸ ਵਿਚਾਰ ਤੇ ਅਸੀਂ ਉਚਾ ਤੇ ਸੌਖਾ ਨਿਰਨਾਂ ਕਰ ਸਕਾਂਗੇ। ਜਿਵੇਂ ਗੁਰੂ ਨਾਨਕ ਜੀ ਦੇ ਪ੍ਰਕਾਸ਼ ਦਿਵਸ ਲਈ ਭਾਈ ਗੁਰਦਾਸ ਦੇ ਕਬਿਤ ੩੪੫ ਤੋਂ ੩੪੮ ਤਕ ਪੜ੍ਹਿਆਂ ਪਤਾ ਲਗਦਾ ਏ। ਭਾਈ ਸਾਹਿਬ ਸਾਫ ਲਿਖਦੇ ਹਨ। ਕਾਰਤਕ ਮਾਸ ਰੁਤ ਸਰਦ ਪੂਰਨ ਮਾਸੀ.....................ਧੰਨ ਪ੍ਰੀਤਮ ਪਿਆਰੀ ਹੈ। ੩੪੫। ਪੂਰਨ ਕ੍ਰਿਪਾ ਕੈ ਤੇਰੇ ਆਏ ਹੈ ਕ੍ਰਿਪਾ ਨਿਧਾਨ ਮਿਲੀਐ ਨਿਰੰਤਰ ਹ੍ਵੈ ਅੰਤਰ ਨ ਰਾਖੀਐ। ....ਖਲਕ ਅਮੋਲ ਪ੍ਰਿਅ ਸੰਗ ਮੁਖ ਸਾਖੀਐ ੩੪੮।

ਇਹ ਉਪਰ ਲਿਖੇ ਚਾਰ ਕਬਿਤਾਂ ਤੋਂ ਨਿਸ਼ਾ ਹੋ ਜਾਂਦੀ ਹੈ ਕਿ ਠੀਕ ਹੀ ਗੁਰੂ ਨਾਨਕ ਜੀ ਦੇ ਪ੍ਰਕਾਸ ਦਿਵਸ ਕਰ ਹੀ ਕਾਰਤਕ ਦੀ ਪੂਰਨ ਮਾਸੀ ਦਾ ਏਤਨਾਂ ਵਡਿਤਾ ਭਰਿਆ ਮਾਨ ਭਾਈ ਜੀ ਨੇ ਲਿਖਿਆ ਹੈ । ਭਾਵੇਂ ਹੋਰ ਭੀ ਪੂਰਨ ਮਾਸੀਆਂ ਹਨ ।

ਤੇ ਜਿਵੇਂ ਦਸਮੇਸ ਜੀ ਨੇ ਜੀਰਨ ਹੋ ਗਈਆਂ ਜਾਨ ਹਿੰਦੂ ਮਤ ਦੀਆਂ ਰੀਤਾਂ ਹੋਰ ਸਭ ਬਦਲ ਦਿਤੀਆਂ । ਪਰ ਹੋਲੇ ਦੇ ਦਿਵਸ ਤੇ ਉਚੇਚਾ ਉਤਸਾਹ ਕਰ ਸਜਾਏ ਖਾਲਸੇ ਨੂੰ ਮਹੱਲਾ (ਭਾਵ) ਸਹਿਤ ਹਲੇ ਦੇ ਖਡਾ ਕਰਾ ਇਹ ਦਿਵਸ ਮਨਾਨ ਦੀ ਕਿਉਂ ਰੀਤ ਕੈਮ ਕੀਤੀ ? ਇਤਿਹਾਸ ਗਵਾਹ ਹੈ ਕੇ ਇਸ ਹੋਲੇ ਦੇ ਦਿਵਸ ੧੯੪੧ ਬਿ: ਨੂੰ ਗੁਰੂ ਬਾਲਕ ਸਿੰਘ ਜੀ ਦੇ ਰੂਪ ਵਿਚ ਆਪ ਦੀ ਸਿਖੀ ਦੇ ਸੰਭਾਲਨ ਵਾਲੇ ਸਤਿਗੁਰੂ ਜੀ ਦਾ ਅਵਤਾਰ ਹੋਇਆ ਹੈ। ਜਿਨਾਂ ਦੀ ਬਾਬਤ ਸੌ ਸਾਖੀ ਚਿ ਆਪ ਦਾ ਬਚਨ ਹੈ ਜੋ ਜਿਉਂ ਦਾ ਤਿਉਂ ਭਾਈ ਸੰਤੋਖਸਿੰਘ ਜੀ ਨੇ ਸੂਰਜਪ੍ਰਕਾਸ ਵਿਚਲਿਖਿਆ ਹੈ। ਬੇਰ ਗਿਆਰਵੀ ਜਬ ਹਮ ਆਵੇਂ । ਤਬ ਤੇ ਕੋਈ ਨ ਹਮ ਲਖ ਪਾਵੈ । ਪੰਥ ਖਾਲਸਾ ਖੇਤੀ ਮੇਰੀ। ਕਰੋਂ ਸੰਭਾਲਨ ਮੈਂ ਤਿਸ ਬੇਰੀ। ਜਿਸਦੀ ਬਾਬਤ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕਿਹਾ ਕਰਦੇ ਸੀ। ਤਬ ਤੇ ਕੋਇਕ ਹਮ ਲਖ ਪਾਵੇ। ਵਾਕ ਹੈ। ਕੋਇ ਨ ਨਹੀਂ । ਕੋਇਕ ਹੈ। ਭਾਵ ਕੋਈ ਕੋਈ। ਥੋੜੇ ਤੋਂ ਮੁਰਾਦ ਹੈ। ਇਹ ਲਿਖਾਰੀ ਦੀ ਗਲਤੀ ਹੈ ਨਨੇ ਤੇ ਕਕੇ ਦੇ ਰੂਪ ਵਿਚ ਜੋ ਫਰਕ ਪੈ ਗਿਆ ਹੈ ।

ਮੈਂ ਇਹ ਦੋ ਪਰਮਾਨਾਂ ਸਬੂਤ ਗੁਰੂ ਨਾਨਕ ਤੇ ਗੁਰੂ ਬਾਲਕ ਸਿੰਘ ਜੀ ਬਾਬਤ ਦਾ ਇਸ ਲਈ

ਰੀਏ ਅਨੁਸਾਰ, ਹਰ ਕਿਸੇ ਨੇ ਉਸ ਮਹਾਨ ਸ਼ਕਤੀ ਨੂੰ, ਆਪਣੇ ੨ ਖਿਆਲ ਅਨੁਸਾਰ ਸ਼ਰਧਾ ਭੇਟ ਕੀਤੀ। ਭਾਵੇਂ ਕੋਈ ਸੁਧਾਰਕ ਕਹੇ, ਕੋਈ ਬਾਦ-ਸ਼ਾਹ ਕਹੇ, ਭਾਵੇ ਕੋਈ ਸ਼ਹਿਨ ਸ਼ਾਹ ਕਹੇ, ਮਗਰ ਜਿਨਾਂ ਦੇ ਅੰਦਰਲੇ ਨੇਤਰ ਖੁਲ੍ਹ ਗਏ, ਅਤੇ ਜਿੰਨ੍ਹਾਂ ਨੂੰ ਘਟ ਘਟ ਵਿਚ ਰਮਿਆਂ ਨਜ਼ਰੀਂ ਆਇਆ ਉਨ੍ਹਾਂ ਭਲੇ ਪੁਰਸ਼ਾਂ ਸਤਿਗੁਰੂ ਕਹਿ ਜੈਕਾਰਾ ਬੁਲਾਇਆ।

Namdhari Elibrary NamdhariElibrary@gmail.com

ਦਿਤਾ ਹੈ ਕਿ ਇਤਿਹਾਸ ਫੋਲਿਆਂ ਤੇ ਸੋਚਿਆਂ ਸਭ ਕੁਝ ਜੋ ਖੋਜੇ ਜੋ ਪਾਵੇ ਕੇ ਵਾਕ ਅਨੁਸਾਰ ਮਿਲ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਹੋਲੇ ਦੇ ਦਿਵਸ ਨੂੰ ਇਸ ਲਈ ਅਪਨਾਇਆ ਸੀ ਕਿ ਇਸ ਦਿਨ ਸਿਖੀ ਦੀ ਸੰਭਾਲ ਵਾਲੇ ਪਕਾਸ਼ ਔਣਾਂ ਸੀ।

ਤਿਵੇਂ ਹੀ ਗੁਰੂ ਨਾਨਕ ਤੇ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਵਡਾ ਤੇ ਮੁਮਾਰਖੀ ਤੇ ਸਦਾ ਬਸੰਤ ਵਾਲੇ ਦਿਵਸ ਨੂੰ ਇਸ ਲਈ ਵਡਿਤਾ ਤੇ ਮਾਨਨੀਅ ਲਿਖਿਆ ਹੈ ਕਿ ਇਸ ਵਿਚ ਸਭ ਗੁਰੂ ਸਾਹਿਬਾਨ ਦੀ ਕਮਾਈ ਨੂੰ ਸੰਭਾਲਨ ਤੇ ਚਾਰ ਚੰਨ ਲਾਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ ਹੋਣਾ ਸੀ। ਜਿਸ ਦੀ ਬਾਬਤ ਆਪ ਹੋਰ ਭੀ ਲਿਖਦੇ ਹਨ। ਮਾਹਾ ਰੁਤੀ ਮਹਿ ਸਦ ਬਸੰਤ।

ਤੇ ਜਿਸ ਦੀ ਬਾਬਤ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ। ਸੌਦੀ ਨੇਤ ਫੁਰੀ ਆਦਿ ਸੰਮਤ ਬਹੱਤ੍ਰੇ ਮੈਂ ਮਾਘ ਸੁਦੀ ਪੰਚਮੀ ਸਵੇਰੇ ਗੁਰ ਵਾਰ ਕੈ। ਜਾਤ ਤ੍ਰਖਾਣ ਜੱਸੇ ਨਾਮ ਕੇ ਅਵਸੇ ਘਰ, ਸਦਾ ਮਾਤ ਸੇ ਪ੍ਰਕਾਸੇ ਨਾਮ ਪ੍ਰਚਾਰ ਕੈ। (ਭਾਵ) ਗਿਆਨੀ ਜੀ ਭੀ ਪ੍ਰਕਾਸ਼ੇ ਹੀ ਲਿਖਦੇ ਹਨ। ਜਨਮ ਮਰਨ ਤੇ ਰਹਿਤ ਨਰਾਇਣ ਜਾਣ। ਤਾਂ ਤੇ ਸਿਧ ਹੋਇਆ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਕਾਰਨ ਹੀ ਗਰੰਥ ਸਾਹਿਬ ਵਿਚ ਲਿਖਿਆ ਹੈ। ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ।

ਦਾਤਾ ਚੀਨੀ ਵਾਲਿਆ

(ਬਲਬੀਰ "ਲੰਮੇ")

ਦਾਤਾ ਚੀਨੀ ਵਾਲਿਆ ਅਜ ਤਰਸਣ ਅਖਾਂ।
ਪ੍ਰੇਮੀ ਤਿਰੇ ਉਡੀਕਦੇ, ਅੱਜ ਬੈਠੇ ਲਖਾਂ।
ਦਾਤਾ ਚੀਨੀ ਵਾਲਿਆ, ਕਹਿੰਦੇ ਸਭ ਛਾਤਰ।
ਜੇਲ੍ਹਾਂ ਕਟੀਆਂ ਰਜਕੇ, ਤੁਸਾਂ ਦੇਸ਼ ਦੀ ਖਾਤਰ।
ਦਾਤਾ ਚੀਨੀ ਵਾਲਿਆ, ਇਕ ਅਰਜ਼ ਗੁਜਾਰਾਂ।
ਮੁਸ਼ਕਲ ਦੇਣਾ ਮੁਲ ਹੈ, ਜੋ ਮਾਰੀਆਂ ਮਾਰਾਂ।
ਦਾਤਾ ਚੀਨੀ ਵਾਲਿਆ, ਧੰਨ ਤੇਜ ਤੁਹਾਡਾ।
ਨਿਵਿਆਂ ਅਗੇ ਆਪਦੇ, ਹੰਕਾਰੀ ਜੋ ਡਾਢਾ।
ਦਾਤਾ ਚੀਨੀ ਵਾਲਿਆ, ਹਰ ਪਾਸੇ ਘੁੰਮਾਂ।
ਪੈਰ ਕਿਤੋਂ ਜੇ ਮਿਲ ਪਏ, ਤਾਂ ਮਿਟੀ ਚੁੰਮਾਂ।
ਦਾਤਾ ਚੀਨੀ ਵਾਲਿਆ, "ਪਰਤਾਪ" ਤੁਹਾਰੇ।
ਹਿੰਦ ਦੀ ਹਿਕ ਤੋਂ ਚੁਕ ਤੇ, ਨੇ ਪਥਰ ਭਾਰੇ।
ਦਾਤਾ ਚੀਨੀ ਵਾਲਿਆ, ਰਹੇ "ਚਿਟਾ" ਉਚਾ।
ਖ਼ੂਨ ਸਿਰਾਂ ਦਾ ਪਾਇਕੇ, ਤੁਸੀਂ ਕਰ ਗਏ ਸੁਚਾ।
ਦਾਤਾ ਚੀਨੀ ਵਾਲਿਆ, ਹੈ ਸਫਲ ਕਮਾਈ।
ਧੰਨ ਕਮਾਈ ਆਪਦੀ, ਹੈ ਧੰਨ ਸਮਾਈ।
ਦਾਤਾ ਚੀਨੀ ਵਾਲਿਆ, ਅੱਜ ਅਖੀਆਂ ਤਰਸਨ।
"ਬਲਬੀਰ" ਨਿਮਾਣਾ ਆਖਦਾ, ਆ ਦੇਵੋ ਦਰਸ਼ਨ।

ਉਡਾਨਾਂ

[ਸ. ਦਲਬੀਰ ਸਿੰਘ ਜੀ ਤਰਸ ਅਸਟਰੇਲੀਆ

ਬਾਗੀਂ ਭਾਵੇਂ ਲਖਾਂ ਭੌਰੇ
ਤੈਨੂੰ ਐਪਰ ਢੂੰਡਣ ਉਡੀ
ਸੋਚਾਂ ਦੀ ਬਣ ਡਾਰ ਵੇ।

ਕਲਪਨਿਆਂ ਕੋਈ ਅੰਮ੍ਰਿਤ ਸੋਮਾਂ
ਔਹ ਪਰਬਤ ਤੇ ਨੂਰ ਵਰ੍ਹੇਂਦਾ
ਟਾਹਣ ਸੁਹਾਵੇ ਰਤੀ ਬਾਣੀ
ਧੁਨ ਆਈ ਨਿਰੰਕਾਰ ਵੇ।

ਮੈਂ ਵੇ ਉਠੀ ਉਥੇ ਪੁਜੀ
ਪੰਛੀਆਂ ਦੇ ਸੰਗ ਗਾਈ ਖੇਡੀ
ਉਹ ਭੀ ਤੇਰੇ ਰੰਗੀਂ ਰਤੇ
ਮਸਤੀਆਂ ਭਿਜੇ ਗੀਤ ਅਲਾਂਦੇ
ਸਿਲਾਂ ਉਥੇ ਬ੍ਰਿਹਨ ਕੁਠੀਆਂ
ਤਿਰਪਤ ਤਿਰਪਤ ਵਹਿ ਵਹਿ ਰੁੜ੍ਹੀਆਂ
ਬਣ ਚਾਂਦੀ ਦੀ ਧਾਰ ਵੇ।

ਨਾ ਤੂੰ ਓਥੇ ਨਜ਼ਰੀਂ ਆਇਓਂ
ਨਾ ਕੋਈ ਲਾਟ ਜੰਗਲੋਂ ਉਠੀ
ਨਾ ਮੈਂ ਚੰਨ ਇਲਾਹੀ ਤਕਿਆ
ਅੰਬਰ ਦੇ ਵਿਚਕਾਰ ਵੇ।

ਫੇਰ ਮੈਂ ਉਡੀ ਜੰਗਲਾਂ ਵਿਚੋਂ
ਪੌਣਾਂ ਅੰਦਰ ਚੁੰਗੀਆਂ ਮਾਰਾਂ
ਰੁਗ ਲਹਿਰਾਂ ਦੇ ਭਰਦੀ ਜਾਵਾਂ
ਡੀਕਾਂ ਲਾ ਲਾ ਵਾਟਾਂ ਚਾਹੜਾਂ
ਠੰਢਾਂ ਕੋਰੇ ਗ਼ਮੀਆਂ ਤਪਸ਼ਾਂ
ਹਸ ਕਲੇਜੇ ਲਾਵਾਂ ਪੋਸਾਂ
ਖਾਲੀ ਖਾਲੀ ਅੰਬਰ ਕੀਲਾਂ
ਨਾ ਚੰਨ ਭਿਦਿਆ ਪਰਵਾਰ ਵੇ।

ਅਗੇ ਰੇਤ ਭੈਣੀ ਦੀ ਤੱਕੀ
ਪ੍ਰੀਤਾਂ ਭਿਜੀ ਦਗਦੀ ਮਘਦੀ
ਬ੍ਰਿਹਨ ਪੀੜਾਂ ਮਾਰੀ ਸੜਦੀ
ਕੰਧਾਂ ਉਥੇ ਕਚੀਆਂ ਜਹੀਆਂ
ਲਖ ਉਨ੍ਹਾਂ ਮੈਂ ਬਾਤਾਂ ਕਹੀਆਂ
ਪਿਪਲ ਨਿੰਮਾਂ ਬੋਹੜ ਬਰੋਟੇ
ਓਵੇਂ ਲਹਿਰਨ ਪ੍ਰੀਤ ਪਰੋਤੇ
ਰਾਮਸਰੀ ਬੈਕੁੰਠ ਸਧਾਇਆ
ਉਸਦਾ ਅੰਮ੍ਰਿਤ ਪਲਕੀਂ ਲਾਇਆ
ਓਥੇ ਲਖਾਂ ਰੰਗ ਪਰੁਤੇ
ਰਾਮਸਰ ਮਧ ਭਏ ਵਿਗੁਤੇ
ਹਰ ਜਿਹਬਾ ਤੇ ਰਾਮਾ ਆਇਆ
ਪਰ ਤੂੰ ਕਿਧਰੇ ਨਜ਼ਰ ਨਾ ਆਇਆ
ਚੀਨੀ ਦਾ ਅਸਵਾਰ ਵੇ।

ਫੇਰ ਮੈਂ ਉਡੀ ਗਈ ਝਨਾਂ ਤੇ
ਸ਼ਾਂਤ ਕਨਾਰੀਂ ਚਪ ਚਪ ਵਹਿੰਦਾ
ਪਿਆਰ ਤੇਰੇ ਦੀ ਵੇਦਨ ਕਹਿੰਦਾ
ਇਸ ਵਿਚ ਘੁਲੀਆਂ ਤੇਰੀਆਂ ਛੋਹਾਂ
ਬੁਲਬੁਲੀਆਂ ਵਿਚ ਮਾਹੀ ਮੇਰਾ
ਮੈਂ ਵੇ ਤੈਨੂੰ ਅਨਹਦ ਸੁਣਿਆ
ਚਾਲ ਤੇਰੀ ਦੀ ਝੂੰਮਰ ਮਾਣੀ
ਓਸ ਝਨਾ ਨੇ ਮੈਨੂੰ ਦਸਿਆ
ਘਾ ਦੇ ਜ਼ਰਦ ਕਨਾਰੇ ਬੋਲੇ
ਨਿਕੀਆਂ ਪਥਰੀਆਂ ਖੜਕਾਂ ਪਾਈਆਂ
ਦੋ ਪਲ ਮਾਹੀ ਦੇ ਝਲਕਾਰਾ
ਕਰ ਗਿਆ ਨੂਰ ਗੁਬਾਰ ਵੇ।

ਭਰਕੇ ਜ਼ੋਰ ਕੁਲਾਵੀਂ ਉਡੀ
ਸ਼ੀਹਾਂ ਦੀ ਮੈਂ ਧਰਤਾ ਨਾਪੀ
ਦਰ ਦਰ ਤੇ ਆ ਅਲਖ ਜਗਾਈ
'ਕਿਸਨੇ ਤਕਿਆ ਮੇਰਾ ਮਾਹੀ'
ਜਿਤ ਮੁਖ ਤੇਰੀ ਚੀਨੀ ਠੁਮਕੀ

Namdhari Elibrary NamdhariElibrary@gmail.com

ਜ਼ਿਸ ਜੂਹ ਤੇਰਾ ਸਿਮਰਨ ਮਹਿਕੇ
ਜਹਾਂ ਭੀ ਤੇਰੀ ਬਾਣੀ ਗੂੰਜੇ
ਕਿਤੇ ਭੀ ਤੇਰਾ ਭੌਰਾ ਨਾਚੇ
ਜਿਥੇ ਭੀ ਤੇਰੀ ਢੋਲਕ ਘੂਕੇ
ਜਹਾਂ ਕਹਾਂ ਕੋਈ ਹੰਸ ਉਡੀਂਦਾ
ਨਾਮ ਇਲਾਹੀ ਜਾਮ ਪਵੀਂਦਾ
ਜਹਾਂ ਭੀ ਝਲਕੇ ਸੁਚਾ ਮੋਤੀ
ਜਹਾਂ ਭੀ ਜਲਦੀ ਤੇਰੀ ਜੋਤੀ
ਹਰ ਕੋਈ ਅੰਬਰ ਕਾਗਾਂ ਭਰਿਆ
ਹਰ ਬਾੜੀ 'ਚੋਂ ਕੋਇਲ ਉਡੇ
ਕੂਕ ਬ੍ਰਿਹੋਂ ਵਿਚ ਮਾਰ ਵੇ।

ਗਾੜ੍ਹੇ ਝੁੰਡ ਕਰੀਰਾਂ ਛਾਣੇ
ਨਾ ਜੋਗੀ ਪ੍ਰਰ ਭਏ ਠਕਾਣੇ
ਫਿਰ ਮੈਂ ਬੰਜਰ ਧਰਤੀ ਪਾਈ
ਰਕੜ ਰੇਤਨ ਨੀਰ ਤਿਹਾਈ
ਇਸਤੋਂ ਬਣ ਬਣ ਲਾਟਾਂ ਉਡਣ
ਚਰ ਜ਼ਰੀਆਂ ਇਕ ਗੀਤ ਅਲਾਇਆ
'ਰਾਮ ਰਾਮ' ਮੈਂ ਸਰਵਣ ਪਾਇਆ
ਇਸ ਧਰਤੀ ਤੈਂ ਗੂਠਾ ਲਾਇਆ
ਮੂਲ ਬਿਆਜ਼ ਹਸਾਬ ਚੁਕਾਇਆ
ਧੁਰ ਦੇ ਆਸ਼ਕ ਨੇਹੁੰ ਨਿਭਾਇਆ
ਰਾਣੋਂ ਤੇਰੀ ਰੂਪ ਨਿਖਾਰੇ
ਅੰਤਮ ਵੇਲੇ ਖਾ ਦਿਤਾ
ਭਾਰਤ ਦਾ ਸ਼ਿੰਗਾਰ ਵੇ।

ਫੇਰ ਖੜੀ ਮੈਂ ਤੋਪਾਂ ਅਗੇ
ਇਕ ਦਰ ਕਾਵਨ ਗੋਲਾ ਪਾਇਆ
ਇਕ ਦਰ 'ਹੀਰੇ' ਵਿਚ ਤੂੰ ਆਇਆ
'ਡਟੋ ਬਹਾਦਰ ਪੁਤਰੋ ਸ਼ੇਰੋ
ਦੇਸ਼ ਦੀ ਖਾਤਰ ਫੰਭੇ ਹੋਵੋ
ਗੁਲਾਮੀ ਦੀ ਕਾਲਖ ਧੋਵੋ
ਭਾਰਤ ਦੇ ਲਈ ਸਾਲੂ ਰੰਗੋ
ਸ਼ਗਨਾਂ ਭਰਿਆ ਕੇਸਰ ਡੋਲ੍ਹੋ
ਬੂੰਦਨ ਡੁਲ੍ਹੇ ਰੁਖ ਉਗੀਵੇ
ਰੁਖੀਂ ਰੁਖੀਂ ਬਾਗ਼ ਸੁਹੀਵੇ
ਵਰਿਆਮ ਸਿਆਂ ਤੇਰੀ ਅਮਰ ਕਹਾਣੀ
ਵਾਰ ਦੇ ਬੇਟਾ ਮਧਰ ਜਵਾਨੀ
ਰੋੜੇ ਚੁਗ ਚੁਗ ਢੇਰ ਬਣਾ ਲੈ
ਤਾਣਕੇ ਛਾਤੀ ਅਣਖ ਵਿਆਹ ਲੈ
ਸ਼ਿੰਦਿਆ ਬਿਸ਼ਨਾ ਤਖਤ ਹਲਾ ਦੇ
ਫਤਿਹ ਸਿੰਘ ਨਾ'ਜੋਤ ਮਲਾ ਦੇ
ਸਾਡਾ ਕੰਮ ਹੈ ਮਰਨਾ ਜੀਣਾ
ਜ਼ਹਿਰ ਦੇਸ਼ ਦੇ ਡੀਕੀਂ ਪੀਣਾ
ਜਦ ਤਕ ਚੰਦਾ ਅੰਬਰ ਥੀਣਾ
ਤਦ ਤਕ ਮੇਰਿਆਂ ਬਚਿਆਂ ਜੀਣਾ'
ਐਨੀਆਂ ਓਥੇ ਉਠਣ ਵਾਜਾਂ
ਐਨੇ ਓਥੇ ਮੇਘਲ ਚੜ੍ਹਦੇ
ਐਨੇ ਉਥੇ ਫੁਲ ਵਰ੍ਹੀਂਦੇ
ਮੈਂ ਭੀ ਜਨਮ ਸਫੇਲਾ ਕਹਿੰਦੀ
ਜੇ ਮਿਲਦੋਂ ਇਕ ਵਾਰ ਵੇ।

ਫਿਰ ਮੈਂ ਮੇਘ ਜ਼ੁਲਮ ਦੇ ਛਾਣੇ
ਕਿਸਨੇ ਚਾਹੇ ਜ਼ੁਲਮ ਜਰਾਣੇ
ਝੁਲੀਆਂ ਧਰਮ ਧੁਜਾਵਾਂ ਤਕੀਆਂ
ਮੈਂ ਗਾਈਆਂ ਦੀਆਂ ਲੇਰਾਂ ਸੁਣੀਆਂ
ਮੈਂ ਸ਼ੇਰਾਂ ਦੀਆਂ ਬੜ੍ਹਕਾਂ ਸੁਣੀਆਂ
ਮੈਂ ਫਾਹੀਆਂ ਦੇ ਰਸੇ ਵੇਖੇ
ਮੈਂ ਕਦੀ ਦੀਸਾ ਝੁਲਦੇ ਵੇਖੇ
ਜਿਨਕੇ ਸਨਮੁਖ ਆਣ ਖਲੋਇਆ
ਕਲਜੁਗ ਦਾ ਅਵਤਾਰ ਵੇ।

ਫਿਰ ਮੈਂ ਉਨ੍ਹਾਂ ਰਾਹਾਂ ਤੇ ਪੁਜੀ
ਜਿਧਰ ਮੇਰਾ ਨੀਂਗਰ ਚੜ੍ਹਿਆ
ਚੰਨ ਲਕੋਕੇ ਕਾਲੀ ਲੋਈ
ਧਰਤ ਜਗਾਕੇ ਸੁਤੀ ਹੋਈ
ਨਵੇਂ ਇਸ਼ਕ ਦਾ ਬਾਣ ਚਲਾਕੇ
ਬਣ ਬੇਲੀਂ ਇਕ ਹੂਕ ਮਚਾਕੇ
ਧਰਤੀ ਤੋਂ ਕੁਝ ਘੋਲ ਘੁਮਾਕੇ
ਸਾਮਰਾਜ ਨੂੰ ਜੜ੍ਹੋਂ ਹਲਾਕੇ

ਅੰਬਰ ਵੇਖ ਧਰਤ ਤੇ ਝੁਕਿਆ
ਤੇਰਾ ਕਰਨ ਦੀਦਾਰ ਵੇ।

ਜੋਤ ਤੇਰੀ 'ਹਰਿ' ਪਾਸੋਂ ਪੁਛਾਂ
ਕਿਧਰ ਇਸ਼ਕ ਮੇਰੇ ਦੀਆਂ ਸਿਖਰਾਂ
ਕਿਧਰ ਨੂਰ ਮੇਰੇ ਦੀਆਂ ਝਲਕਾਂ
ਹਿੰਝੂ ਭਰ ਉਸ ਪਲਕ ਨਚੋੜੇ
ਨਾਓ ਪਈ ਮੰਝਧਾਰ ਵੇ।

ਓ ਤੀਨ ਲੋਕ ਕੇ ਜਾਤੇ
ਕੰਵਲ ਤੇਰੇ ਤੇ ਹਿੰਝੂ ਕੇਰੇ
ਓ 'ਪ੍ਰਤਾਪੀ' ਸਭ ਕੁਝ ਮੇਰੇ—
ਓ ਪਤਾਂ ਦੀ ਨਾਜ਼ਕ ਸਬਜ਼ੇ
ਓ ਮੰਜ਼ਲ ਦੀਏ ਠੰਢੀਏ ਪੌਣੇ
ਓ ਗਗਨਾਂ ਦੇ ਚੰਨ ਰੰਗੀਲੇ
ਓ ਝਰਨੇ ਦੀਏ ਮਿਠੀਏ ਰੁਮਕੇ
ਓ ਮਧ ਰਜੀਏ ਅਜਬ ਨੁਹਾਰੇ
ਓ ਪਰਬਤ ਦੀਏ ਉਚੀਏ ਦਿਖੇ
ਸਾਗਰ ਦੀ ਆਗੰਮ ਡੂੰਘਾਣੇ
ਕਿਧਰ ਤੁਰੇ ਨੇ ਕੌਲ ਵੇ ਤੇਰੇ
ਕਿਧਰ ਤੇਰੀਆਂ ਰੁਠੀਆਂ ਆਸਾਂ
ਕਿਧਰ ਭਰੇ ਭਰੇ ਪਏ ਮੇਲੇ
ਸੁਹਲ ਮੰਗਲੋਂ ਬਣਦੀਏ ਲੋਏ
ਮੋੜ ਜਾਈਂ ਦਿਲ-ਤਾਰ ਵੇ।

ਕੌਣ ਪੁਲਾੜੋਂ ਵਸਿਆ ਐਥੇ
ਕਿਸਨੇ ਮੰਗਲ ਸ਼ੁਕਰ ਰੰਗੇ
ਕੌਣ ਧਰਤ ਤੋਂ ਹੇਠਲ ਧਰਤੀ
ਨੀਲ ਧਰਤ ਦੇ ਕਿਹੜਾ ਕੰਢੀਂ
ਜੇ ਤੇਰੇ ਅੱਜ ਉਚ ਮੁਨਾਰੇ
ਦੂਰੋਂ ਬਾਂਹ ਉਲਾਰ ਵੇ।

ਕਿਧਰ ਓ ਬਿਲਿਓ ! ਦਿਲ ਦਿਓ ਕਾਵੋਂ
ਕਿਸ ਦਰ ਮਾਤ ਕਾਲਜਾ ਧੜਕੇ
ਕਿਸ ਤਾਜ਼ੀ ਅਜ ਨੂਰ ਜੁੜਿਤਾ
ਕਿਸ ਤਖਤ ਨੂੰ ਰੰਗਣ ਬੈਠੀ
ਸਾਡੀ ਅਜ ਸਰਕਾਰ ਵੇ।

ਫਿਰ ਤੂੰ ਬੋਲ ਕਲਮ ਦੀਏ ਤੋਰੇ
ਕੌਣ ਸਿਆਹੀ ਅੰਦਰ ਘੁਲਿਆ
ਸਾਹ ਤੇਰੇ ਵਿਚ ਕਿਸਨੇ ਪਾਏ
ਕੇਸ ਆਪ ਹੀ ਲੀਕਾਂ ਵਾਹੀਆਂ
ਕੇਸ ਆਪ ਹੀ ਨਗ਼ਮੇ ਗਾਏ
ਐਂਜ ਤੂੰ ਅੜਿਆ ਉਹਲੇ ਹੋਇਓਂ
ਲਿਟੀਆਂ ਕਾਵਿ ਖਿਲਾਰ ਵੇ।

ਉਮਰ ਦੀ ਨਿਕੀ ਵਹੀ ਉਠਾਈ
ਦਿਹੁੰ ਦਿਹੁੰ ਦੇ ਮੈਂ ਵਰਕੇ ਫੋਲੇ
ਹਰ ਵਰਕੇ ਤੈਂ ਲੀਕ ਉਲੀਕੀ
ਹਰ ਵਰਕੇ ਅਸਾਂ ਯਾਦਾਂ ਵਾਹੀਆਂ
ਹਰ ਵਰਕੇ ਅਸਾਂ ਆਸਾਂ ਘੜੀਆਂ
ਹਰ ਵਰਕੇ ਅਸਾਂ ਹਿੰਝੂ ਕੇਰੇ
ਹਰ ਵਰਕੇ ਅਸਾਂ ਰਾਤਾਂ ਤਕੀਆਂ
ਹਰ ਵਰਕੇ ਅਸਾਂ ਧਰੇ ਸਵੇਰੇ
ਰਾਤ ਦਿਹੁੰ ਦੇ ਪਾਣੀਆਂ ਅੰਦਰ
ਜਿੰਦ ਲਵਾਂਗੇ ਖਾਰ ਵੇ।

ਅੱਜ ਜੇ ਆਵੇਂ ਕਲ੍ਹ ਜੇ ਜਾਵੇਂ
ਆਖਾਂ ਆਈ ਬਹਾਰ ਵੇ।
ਬਾਗੀਂ ਭਾਵੇਂ ਲਖਾਂ ਭੌਰੇ
ਤੈਨੂੰ ਐਪਰ ਢੂੰਡਣ ਉਠੀ
ਸੋਚਾਂ ਦੀ ਬਣ ਡਾਰ ਵੇ।

[ਮਿਸਤ੍ਰੀ ਖੜਕ ਸਿੰਘ 'ਭਮਰਾ' ਕੰਪਾਲਾ

ਖ਼ੂਨੀ-ਰਕੜ ਕੋਟਲੇ ਅੰਦਰ,
ਕੂਕਿਆਂ ਗਾਏ ਸ਼ੁਹਲੇ।
ਮੌਤ-ਰਾਣੀ ਗਲਵਕੜੀ ਪਾਈ,
ਲੈ ਤੋਪਾਂ ਦੇ ਓਹਲੇ।
ਕਿਹਾ ਕਿਸੇ ਕਿਉਂ ਹਸ ੨ ਮਰਦੇ ਓ,
ਸ਼ੋਕ ਕਿਹਾ ਹੈ ਲਗਾ:
"ਸ਼ਮਾ ਵਤਨ ਤੋਂ ਸਦਕੇ ਜਾਈਦੇ"
'ਭਮਰਾ' ਹਸਕੇ ਬੋਲੇ।

ਮਲੇਰ ਕੋਟਲੇ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੂਲ ਭੇਟ ਕਰਨ ਵਾਸਤੇ

ਦੇਸ਼ ਦੇ ਵਖ ਵਖ ਹਿਸਿਆਂ ਤੋਂ ਸੰਗਤਾਂ ਦਾ ਇੱਕਠ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿਤਰ ਦਰਸ਼ਨ

ਗਊ-ਭਗਤਾਂ ਤੇ ਦੇਸ਼-ਭਗਤਾਂ ਵਲੋਂ ਸ਼ਰਧਾਂਜਲੀ

ਮਲੇਰ ਕੋਟਲੇ-੧੭-੧੮ ਜਨਵਰੀ ਨੂੰ ਉਸ ਮਹਾਨ ਤੀਰਥ ਤੇ ਜਿੱਥੇ ੧੮੭੨ ਵਿਚ ਗਊ-ਗ੍ਰੀਬ ਦਾ ਭਲਾ ਲੋਚਦੇ, ਦੇਸ 'ਚ ਬਦੇਸ਼ੀਆਂ ਨੂੰ ਬਾਹਰ ਕਢਣ ਵਾਲੇ ਸੂਰਬੀਰਾਂ ਧਰਮੀ ਯੋਧਿਆਂ, ਮੌਤ ਲਾੜੀ ਨਾਲ ਹੱਸ ਹੱਸ ਲਾਵਾਂ ਲੈਣ ਵਾਲਿਆਂ, ਜਿੰਨ੍ਹਾਂ ਅੰਗ੍ਰੇਜ਼ ਰਾਜ ਦੀਆਂ ਜੜਾਂ ਪੁੱਟ ਕੇ ਖਾਰੇ ਸਮੁੰਦਰ ਵਿਚ ਸੁਟਣ ਲਈ ਤਗੜਾ ਹੱਲਾ ਬੋਲਿਆ ਸੀ, ਉਨ੍ਹਾਂ ਨੂੰ ਸ਼ਰਧਾ ਦੇ ਫੂਲ ਭੇਂਟ ਕਰਨ ਵਾਸਤੇ ਦੇਸ਼ ਦੇ ਵਖ ਵਖ ਹਿਸਿਆਂ ਤੋਂ ਸੰਗਤਾਂ ਪੁਜੀਆਂ। ਅਜ ਦੇ ਦਿਨ ਭਾਵੇਂ ਪੰਜਾਬ ਵਿਚ ਗੁਰਦੁਆਰਾ ਚੋਣਾਂ ਸਨ, ਲੋਹੜੇ ਦੀ ਸਰਦੀ ਸੀ। ਇਸ਼ਤਿਹਾਰ ਬਾਜ਼ੀ ਦੀ ਵੀ ਕੋਈ ਖਾਸ ਵਰਤੋਂ ਨਹੀਂ ਹੋਈ ਸੀ ਫੇਰ ਵੀ ਸੰਗਤਾਂ ਬੜੇ ਉਤਸ਼ਾਹ ਨਾਲ ਪੁਜੀਆਂ ਹੋਈਆਂ ਸਨ। ਪੰਡਾਲ ਦੇ ਅੰਦਰ ਬਾਹਰ ਸੰਗਤਾਂ ਹੀ ਸੰਗਤਾਂ ਸਨ। ਕੂਕਿਆਂ ਦੇ ਕੱਲਰ, ਸ਼ਾਮਿਆਨਿਆਂ ਦੇ ਨਗਰ ਵਿਚੋਂ, ਧੰਨ ਸਤਿਗੁਰੂ ਰਾਮ ਸਿੰਘ, ਧੰਨ ਗੁਰੂ ਹਰੀ ਸਿੰਘ ਤੇ ਧੰਨ ਸਤਿਗੁਰੂ ਪ੍ਰਤਾਪ ਸਿੰਘ ਸਿੰਘ ਦੀਆਂ ਧੁਨਾਂ ਆਕਾਸ਼ ਨਾਲ ਟਕਰਾ ਰਹੀਆਂ ਸਨ। ਪਿਛਲੇ ਪਹਿਰ ਤਕ, ਬੁਢੇ ਬੱਚੇ, ਮਾਈ ਭਾਈ ਪੈਦਲ ਟਾਂਗਿਆਂ ਅਤੇ ਮੋਟਰਾਂ ਤੇ ਉਸ ਪਵਿਤਰ ਸੱਥਾਨ ਦੀ ਧੂੜੀ ਨੂੰ ਮੱਥੇ ਤੇ ਲਾਉਣ ਵਾਸਤੇ ਪੁਜਦੇ ਰਹੇ। ਸਮੂੰਹ ਦੇ ਚਿਹਰਿਆਂ ਤੇ ਅਜਬ ਰੱਬੀ ਰੰਗ ਸੀ; ਸੁੰਦਰ ਜਲਾਲ ਸੀ-ਦਰਸ਼ਕਾਂ ਦੇ ਮਨਾਂ ਉਤੇ ੮੮ ਸਾਲਾ ਪਹਿਲੀ ਫਿਲਮ ਆਉਣ ਕਰਕੇ ਨੇਤਰ ਸਜਲ ਸਨ ਤੇ ਦਿਲਾਂ ਵਿਚ ਸ਼ਰਧਾ ਸੀ।

ਇਸ ਮੌਕਿਆਂ ਤੇ ਸੰਤ ਮੋਹਣ ਸਿੰਘ ਜੀ, ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਸ੍ਰ. ਅਵਤਾਰ ਸਿੰਘ ਜੀ ਆਜ਼ਾਦ ਪੰਡਤ ਗੋਪਾਲ ਸਿੰਘ, ਸੰਤ ਕਰਮ ਸਿੰਘ ਬਾਲਮ, ਸੰਤ ਗਿਆਨ ਸਿੰਘ ਵੀਰੋਕੇ, ਸੰਤ ਸੇਵਾ ਸਿੰਘ. ਸ੍ਰੀ ਹਰਕਿਸ਼ਨ ਲਾਲ ਐਮ. ਐਲ.ਏ. ਪੰਜਾਬ, ਸ੍ਰੀ ਚੰਦਰ ਜੀ ਐਮ. ਐਲ. ਸੀ, ਸ੍ਰੀ ਜੈਨ ਮੁਨੀ ਗਿਆਨ ਭੂਸ਼ਣ ਮਨੋਹਰ ਮੁਨੀ ਜੀ ਤੇ ਹੋਰ ਵਿਦਵਾਨ ਸਜਣ ਦਰਸ਼ਨ ਦੇ ਰਹੇ ਸਨ। ਗ੍ਰੀਬ ਨਿਵਾਜ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਮਾਨ ਸਰੋਵਰ ਤੇ ਹੰਸਲਿਆਂ ਦੇ ਵਿਚਾਲੇ ਅਜਬ ਸ਼ੋਭਾ ਨਾਲ ਚਕੋਰ-ਵਤ ਹਿਰਦਿਆਂ ਨੂੰ ਅੰਮ੍ਰਿਤ ਸੰਚਾਰ ਕਰ ਰਹੇ ਸਨ। ਇਹ ਦੀਵਾਨ ਸਵੇਰੇ ਅੰਮ੍ਰਿਤ ਵੇਲੇ ਸੂਬਾ ਦਸੌਂਧਾ ਸਿੰਘ ਜੀ ਦੇ ਵਾਟੇ ਨਾਲ ਪ੍ਰਾਰੰਭ ਹੋਇਆ। ਹਲੇ ਦੇ ਦੀਵਾਨਾਂ ਵਿਚ:-

ਉਹ ਮਰਨੋਂ ਮੂਲ ਨ ਡਰਦੇ
ਜਿੰਨ੍ਹਾਂ ਨੇ ਨੈਨ ਲਗਾ ਲਏ ਨੇ।
ਜੋ ਲੜੇ ਦੀਨ ਕੇ ਹੇਤ
ਸੂਰਾ ਸੂਈ, ਸੂਰਾ ਸੋਈ।

ਸੰਗਤਾਂ ਵਿਚ ਪਰੇਮ ਦੇ ਹੁਲਾਰੇ ਉਭਾਰਦੇ ਰਹੇ।

ਪਿਛਲੇ ਪਹਿਰ ਦਾ ਦੀਵਾਨ ੨ ਵਜੇ ਅੰਤ ਹੋਇਆ। ਨਾਮਧਾਰੀ ਪੰਥ ਦੇ ਨਿਰਮਾਣ ਉਤ-ਸ਼ਾਹੀ ਤੇ ਦਾਨੀ ਵੀਰ ਸ੍ਰ. ਬਸੰਤ ਸਿੰਘ ਜੀ ਮਾਲਿਕ, ਬਸੰਤ ਮਕੈਨੀਕਲ ਵਰਕਸ ਲੁਦਿਆਣਾ, ਨੇ ਸਤਿਗੁਰੂ ਜੀ ਦਾ ਹੁਕਮ ਪਾਕੇ ਸ਼ਾਂਤ ਮਈ ਦਾ ਝੰਡਾ ਲਹਿਰਾਇਆ। ਸੰਗਤਾਂ ਸਤਿਕਾਰ ਵਜੋਂ ਆਪਣੇ ਆਪਣੇ ਥਾਂ ਤੇ ਖਲੋ ਗਈਆਂ ਸਟੇਜ ਦੀ ਸੇਵਾ ਪੰਥ ਦੇ ਵਿਦਵਾਨ ਸ੍ਰੀਮਾਨ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਨੇ ਬੜੀ ਸੁਘੜਤਾ ਨਾਲ ਨਿਭਾਈ—

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਸਾਰ ਤੇ ਅਮਨ ਦਾ ਝੰਡਾ ਖੜਾ ਕੀਤਾ

ਮਾਸਟਰ ਨਿਹਾਲ ਸਿੰਘਜੀਸ਼ਹੀਦਾਂ ਨੂੰ ਸ਼ਰਧਾਂ-ਜਲੀ ਪੇਸ਼ ਕਰਦਿਆਂ ਕਿਹਾ ਕਿ ਸ਼ਹੀਦ ਕੌਮਾਂ ਦੀ ਰੂਹ ਤੇ ਜਾਨ ਹੁੰਦੇ ਹਨ। ਸ਼ਹਾਦਤ ਕੌਮਾਂ ਦੀਆਂ ਤਕਦੀਰਾਂ ਨੂੰ ਬਦਲ ਦੇਂਦੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕਰਾਉਂਦਿਆਂ ਮਾਸਟਰ ਜੀ ਨੇ ਦਸਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਐਸੀ ਸੈਨਾ ਕਾਇਮ ਕੀਤੀ ਜੋ ਗ਼ਰੀਬਾਂ, ਗਊਆਂ ਤੇ ਦੇਸ਼ ਭਲਾਈ ਵਾਸਤੇ ਹਮੇਸ਼ਾਂ ਅਗੇ ਹੋਕੇ ਜਾਨਾਂ ਵਾਰ ਜਾਵੇ। ਗੁਰੂ ਰਾਮ ਸਿੰਘ ਜੀ ਨੇ ਨਾਮ-ਧਾਰੀਆਂ ਨੂੰ ਉਹ ਝੰਡਾ ਬਖਸ਼ਿਆ ਜਿਹੜਾ ਸੰਸਾਰ ਵਿਚ ਅਮਨ ਪੈਦਾ ਕਰੇ ਤੇ ਪ੍ਰੇਮ ਦੀ ਗੰਗਾ ਵਹਾਵੇ।

ਸ਼ਹੀਦ ਦੌਲਤ, ਐਸ਼ੋ ਇਸ਼ਰਤ ਤੇ ਹੂਰਾਂ ਦੇਸ਼ ਧਰਮ ਦੀ ਖਾਤਰ ਠੁਕਰਾ ਦੇਂਦੇ ਹਨ:

ਸੰਤ ਕਰਮ ਸਿੰਘ ਜੀ ਆਲਿਮ ਨੇ ਬੜੀ ਚੰਗੀ ਤਰਾਂ ਦਸਿਆ ਕਿ ਸ਼ਹੀਦਾਂ ਦਾ ਨਸ਼ਾਨਾ ਕੀ ਹੁੰਦਾ ਹੈ—

(ੳ) ਧਰਮ ਨੂੰ ਕਾਇਮ ਰਖਣਾ।
(ਅ) ਦੇਸ਼ ਨੂੰ ਅਜ਼ਾਦ ਕਰਾਉਣਾ।
(ੲ) ਗਊ ਗ਼ਰੀਬ ਦੀ ਰਖਿਆ।

ਗੁਰੂ ਦਾ ਸਿਖ ਅੰਮ੍ਰਿਤ ਵੇਲੇ ਰਿਸ਼ੀ, ਜੰਗ ਵੇਲੇ ਸਿਪਾਹੀ ਹੁੰਦਾ ਹੈ। ਕੌਮਾਂ ਵਿਚ ਭਗਤ ਹੁੰਦੇ ਹਨ, ਦਾਨੀ ਵੀਰ ਹੁੰਦੇ ਹਨ, ਸੂਰਮੇ ਹੁੰਦੇ ਹਨ ਮਗਰ ਸ਼ਹੀਦ ਦਾ ਰੁਤਬਾ ਭਗਤ ਨਾਲੋਂ, ਦਾਨੀ ਨਾਲੋਂ ਤੇ ਸੂਰਮੇ ਨਾਲੋਂ ਵੀ ਉਚਾ ਹੈ ਕਿਉਂਕਿ ਸ਼ਹੀਦ ਇਕਾਗ੍ਰਤਾ ਵਿਚ ਜਾਨ ਤੇ ਖੇਡਦਾ ਹੈ, ਆਪਣੇ ਪ੍ਰਾਣਾਂ ਦਾ ਦਾਨ ਕਰਦਾ ਹੈ। ਦੇਸ਼ ਧਰਮ ਤੋਂ ਹਿੰਮਤ ਨਾਲ ਜ਼ੁਲਮਾਂ ਦੇ ਝਖੜਾਂ ਨੂੰ ਦੂਰ ਕਰਦਾ ਹੈ। ਨਾਮਧਾਰੀ ਸ਼ਹੀਦਾਂ ਨੇ ੧੮੭੨ ਵਿਚ ਉਹ ਕਾਰਨਾਮਾ ਕੀਤਾ, ਜਿਸਦੀ ਮਿਸਾਲ ਦੁਨੀਆਂ ਤੇ ਨਹੀਂ ਮਿਲਦੀ। ਆਪਨੇ ਇਹ ਕਹਿ ਸਮਾਪਤੀ ਕੀਤੀ—

ਚਾਂਦ ਵਾ ਸੂਰਜ ਜਬ ਤਕ ਹੈਂ,
ਰਹੂ ਰੌਸ਼ਨ ਨਾਮ ਸ਼ਹੀਦੋਂ ਕਾ।
ਤਾਲਿਬ ਹੈ ਆਜ਼ਾਦੀ ਜਿਸ ਘਰਕੀ,
ਵੁਹੀ ਹੈ ਗ੍ਰਾਮ ਸ਼ਹੀਦੋਂ ਕਾ।
ਦਰ ਅਸਲ ਜ਼ਿੰਦਗੀ ਉਸਕੀ ਹੈ,
ਜੋ ਜੀਨੇ ਸੇ ਇਨਕਾਰ ਕਰੇ:
ਮੁਰਦੋਂ ਕੋ ਜੀਵਨ ਦੇਤਾ ਹੈ,
ਸ਼ਹਾਦਤ ਜਾਮ ਸ਼ਹੀਦੋਂ ਕਾ।

ਗੁਰੂ ਰਾਮ ਸਿੰਘ ਕੇਵਲ ਨਾਮਧਾਰੀਆਂ ਦੇ ਗੁਰੂ ਨਹੀਂ ਸਨ ਸਗੋਂ ਸਾਰੇ ਭਾਰਤ ਦੇ ਗੁਰੂ ਸਨ:

ਜੈਨ ਮੁਨੀ ਗਿਆਨ ਭੂਸ਼ਣ, ਮਨੋਹਰ ਮੁਨੀ ਜੀ ਮਹਾਰਾਜ ਨੇ ਕਮਾਲ ਪਿਆਰ ਤੇ ਸਤਿਕਾਰ ਨਾਲ ਹਿੰਦੀ ਬੋਲੀ ਵਿਚ ਸ਼ਰਧਾਂਜਲੀ ਪੇਸ਼ ਕੀਤੀ। ਮਗਰ ਉਨਾਂ ਤੋਂ ਪਹਿਲਾਂ ਉਨਾਂ ਦੀ ਮੰਡਲੀ ਵਿਚੋਂ ਇਕ ਸਜਨ ਨੇ ਇਹ ਗੀਤ ਗਾਇਆ—

ਦਿਲ ਮੇਂ ਬਸਾ ਕੇ ਸ਼ਹੀਦੋਂ ਕਾ,
ਹਮ ਨਾਮ ਲੇ ਚਲੇਂ।
ਹਮ ਆਜ ਅਪਨੇ ਵੀਰੋਂ ਕਾ,
ਪੈਗਾਮ ਲੇ ਚਲੇਂ।
ਆਹ ਜੀ ਆਹ! ਇਸ ਦੇਸ਼ ਕੀ

ਸੋਈ ਹੋਈ ਤਕਦੀਰ ਜਗਾਏਂ,
ਟੂਟੀ ਹੁਈ ਜ਼ੰਜੀਰ ਕੋ ਅਬ ਫਿਰ ਸੇ ਮਿਲਾਏਂ,
ਬਿਛੜੇ ਹੁਏ ਦਿਲੋਂ ਕੋ ਫਿਰ ਸੇ ਮਿਲਾਏਂ,
ਇਨ ਵੀਰੋਂ ਕਾ ਇਕ ਸੁੰਦਰ ਪੈਗਾਮ ਲੇ ਚਲੇਂ।

ਸੁਆਮੀ ਜੀ ਨੇ ਬੜੇ ਨਿਘੇ ਤੇ ਮੁਲਾਇਮ ਸ਼ਬਦਾਂ ਵਿਚ ਕਿਹਾ ਕਿ ਮੈਨੂੰ ਸ਼ਹੀਦੀ ਸਮੇਲਨ ਵਿਚ ਆਕੇ ਬੜੀ ਪ੍ਰਸੰਨਤਾ ਹੋਈ ਹੈ। ਮਗਰ ਮੈਂ ਕੀ ਕਹਾਂ? ਇਹ ਮੇਰਾ ਹਿਰਦਾ ਜਾਣਦਾ ਹੈ। ਆਕਾਸ਼ ਵਿਚ ਕਾਲੀਆਂ ਘਟਾਂ ਹੁੰਦੀਆਂ ਹਨ, ਬਦਲਾਂ ਦੀ ਘਨਘੋਰ ਹੁੰਦੀ ਹੈ ਤਾਂ ਮੋਰਾਂ ਨੂੰ ਕੌਣ ਬੋਲਣ ਵਾਸਤੇ ਨਿਮੰਤਰਣ ਦੇਂਦਾ ਹੈ। ਜਦੋਂ ਬਸੰਤ ਰਿਤੂ ਵਿਚ ਫੁਲ ਜੋਬਨ ਤੇ ਹੁੰਦੇ ਹਨ, ਕਲੀਆਂ ਟਹਿਕ ਰਹੀਆਂ ਹੁੰਦੀਆਂ ਹਨ ਤਾਂ ਭੌਰਿਆਂ ਨੂੰ ਗੂੰਜਣ ਵਾਸਤੇ ਕੋਣਸੱਦਾ ਦੇਂਦਾ ਹੈ। ਇਸਤਰਾਂ ਕੌਮ ਦੇ ਪ੍ਰਵਾਨਿਆਂ ਤੇ ਦੇਸ਼ ਤੋਂ ਜਾਨਾਂ ਵਾਰਨ ਵਾਲਿਆਂ ਅਤੇ ਧਰਮ ਦੀ ਰਾਹ ਤੇ ਜਾਨ ਖੇਡਣ ਵਾਲਿਆਂ ਦੀ ਯਾਦ ਮਨਾਈ ਜਾ ਰਹੀ ਹੋਵੇ ਤਾਂ ਉਹ ਕਿਹੜੀ ਜ਼ਬਾਨ ਹੈ ਜਿਹੜੀ ਚੁਪ ਰਹਿ ਸਕਦੀ ਹੈ।

ਤੁਸੀਂ ਤਾਂ ਸਚੇ ਜੋਗੀ ਹੋ, ਰਿਸ਼ੀ ਹੋ, ਜਿਨ੍ਹਾਂ ਵਿਚੋਂ ਧਰਮ ਨੂੰ ਆਜ਼ਾਦ ਕਰਾਉਣ ਵਾਸਤੇ ਬਲੀ ਦਾਨ ਹੋਏ। ਕਿਉਂਕਿ ਮਹਾਂ ਪੁਰਸ਼ਾਂ ਦਾ ਕਥਨ ਹੈ, ਕਿ ਜੇ ਦੇਸ਼ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ ਤਾਂ ਜਾਣੋ ਧਰਮ ਵੀ ਦਾਸਤਾ ਦੇ ਸੰਗਲਾਂ ਵਿਚ ਨਰੜਿਆ ਹੋਇਆ ਹੈ।

ਨਾਮਧਾਰੀਆਂ ਤੇ ਜੈਨੀਆਂ ਦੇ ਅਸੂਲ ਮਿਲਦੇ ਹਨ। ਤੁਸੀਂ ਅਹਿੰਸਾਂ ਦੇ ਪੁਜਾਰੀ। ਜੈਨੀ ਅਹਿੰਸਾ ਦੇ ਪੁਜਾਰੀ। ਤੁਹਾਡਾ ਝੰਡਾ ਚਿੱਟਾ ਹੈ, ਸਾਡਾ ਝੰਡਾ ਵੀ ਚਿਟਾ। ਸੰਸਾਰ ਦੇ ਲੋਕਾਂ ਨੂੰ ਇਨ੍ਹਾਂ ਅਸੂਲਾਂ ਤੋਂ ਇਕ ਸਬਕ ਸਿਖਣਾ ਚਾਹੀਦਾ ਹੈ।

ਜੀਉ ਤੇ ਜੀਉਣ ਦਿਉ।

ਤੂਫ਼ਾਨਾਂ ਵਿਚੋਂ ਪਾਰ ਕਰਨ ਵਾਲਾ ਕੋਈ ਕੋਈ ਮਲਾਹ ਹੁੰਦਾ ਹੈ। ਭੰਵਰਾਂ ਵਿਚ ਫਸੀ ਕਿਸ਼ਤੀ ਨੂੰ ਕੋਈ ੨ ਪਾਰ ਕਰ ਸਕਦਾ ਹੈ। ਉਹ ਕੌਣ ਸੀ? ਉਹ ਸਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ। ਜਿੰਨ੍ਹਾਂ ਜੈਨੀਆਂ ਵਾਸਤੇ ਜਾਨਾਂ ਵਾਰੀਆਂ, ਬੋਧੀਆਂ ਵਾਸਤੇ ਜਾਨਾਂ ਵਾਰੀਆਂ, ਮੁਸਲਮਾਨਾਂ ਲਈ ਜਾਨਾਂ ਵਾਰੀਆਂ, ਈਸਾਈਆਂ ਵਾਸਤੇ ਜਾਨਾਂ ਵਾਰੀਆਂ। ਇਸ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਕੇਵਲ ਨਾਮਧਾਰੀਆਂ ਦੇ ਹੀ ਗੁਰੂ ਨਹੀਂ ਸਨ, ਸਗੋਂ ਉਹ ਪ੍ਰਾਣੀ ਮਾਤਰ ਦੇ ਗੁਰੂ ਸਨ। ਭਰਾਵੋ! ਆਓ ਬਜ਼ੁਰਗਾਂ ਦੀ ਕਥਾ ਕਰੋ ਤੇ ਜੋ ਉਨ੍ਹਾਂ ਦੇ ਬਚਨ ਹਨ, ਉਨ੍ਹਾਂ ਤੇ ਚਲੀਏ। ਜੀਵਨ ਦੀ ਮੰਜ਼ਿਲ ਇਹੀ ਹੈ।

ਗਊਆਂ ਨੂੰ ਬਚਾਓ ਜੇ ਤੁਸਾਂ ਬਚਣਾ ਹੈ

ਲਾਲਾ ਹਰਦੇਵ ਸਹਾਏ ਜੀ ਨੇ ਸ਼ਰਧਾਂਜਲੀ ਅਰਪਨ ਕਰਦਿਆਂ ਕਹਿਆ ਕਿ ੮੮ ਸਾਲ ਹੋਏ ਹਨ ਇਸ ਥਾਂ ਤੇ ਨਾਮਧਾਰੀ ਵੀਰਾਂ ਨੇ ਗਊ ਰਖਿਆ ਖਾਤਰ ਪ੍ਰਾਣ ਦਿਤੇ ਸਨ। ਮੇਰੇ ਨਜ਼ਦੀਕ ਗਊ ਤੇ ਸਵੈਤੰਤ੍ਰਤਾ ਅਲਗ ਅਲਗ ਨਹੀਂ ਹਨ। ੧੮੫੭-ਦੀ ਲੜਾਈ ਵੀ ਗਊ ਦੀ ਚਰਬੀ ਤੋਂ ਹੋਈ ਸੀ। ਗਊ ਤੇ ਭੂਮੀ ਇੱਕੋ ਤੁਲਣਾ ਰਖਦੀਆਂ ਹਨ। ਮਹਾਂ ਪੁਰਸ਼ਾਂ ਦਾ ਕਥਨ ਹੈ, ਗਊ ਦੇ ਵਿਨਾਸ਼ ਹੋਣ ਨਾਲ ਰਾਜਾ ਤੇ ਪਰਜਾ ਦੋਵੇਂ ਤਬਾਹ ਹੋ ਜਾਂਦੇ ਸਨ। ਗਾਂਧੀ ਜੀ ਆਖਿਆ ਕਰਦੇ ਸਨ ਗਊ ਦੀ ਹਤਿਆ ਮੇਰੀ ਹਤਿਆ ਹੈ। ਅੱਜ ਗਾਂਧੀ ਦੇ ਦੇਸ਼ ਵਿਚ ਉਨ੍ਹਾਂ ਦੇ ਭਗਤਾਂ ਦੀਆਂ ਨਜ਼ਰਾਂ ਹੇਠਾਂ ਹਰ ਸਾਲ ਕਰੋੜਾਂ ਗਾਂਧੀ ਮਾਰੇ ਜਾਂਦੇ ਹਨ। ਮੈਨੂੰ ਸਮਝ ਨਹੀਂ ਆਉਂਦੀ ਇਹ ਸਾਡੇ ਪਲੈਨ ਕਿਵੇਂ ਸਫਲ ਹੋਣਗੇ।

ਕਿੰਨੇ ਅਫਸੋਸ ਦੀ ਗਲ ਹੈ ਕਿ ੪੦ ਕਰੋੜ ਰੁਪਏ ਦਾ ਅੰਨ ਬਾਹਰੋਂ ਆਉਂਦਾ ਹੈ। ਮਗਰ ਅੰਨ ਪੈਦਾ ਕਰਨ ਵਾਲੇ ਵਲ ਧਿਆਨ ਨਹੀਂ ਦਿਤਾ ਜਾਂਦਾ। ਕਿਥੇ ਹਨ ਉਹ ਸਤਿਗੁਰੂ ਪ੍ਰਤਾਪ ਸਿੰਘ, ਜਿੰਨਾਂ ਦੀ ਯਾਦ ਸਾਡੀਆਂ ਅਖੀਆਂ ਨੂੰ ਰੁਆ ਦੇਂਦੀ ਹੈ, ਜਿਹੜੇ ਗਊਆਂ ਦੀ ਭਲਾਈ ਹਰ ਵੇਲੇ ਨਜ਼ਰਾਂ ਥਲੇ ਰਖਦੇ ਸਨ। ਕਾਸ਼!

Namdhari Elibrary NamdhariElibrary@gmail.com

ਭਾਰਤ ਦੇ ਨੇਤਾ ਉਨ੍ਹਾਂ ਦੀ ਗਲ ਮੰਨਦੇ ਤੇ ਦੇਸ਼ ਖੁਸ਼ਹਾਲ ਹੁੰਦਾ।

ਆਓ ਇਸ ਪਵਿਤ੍ਰ ਧੂਲੀ ਨੂੰ ਮਥੇ ਤੇ ਲਾਕੇ ਜੀਵਨ ਬਨਾ ਲਈਏ:

ਸ੍ਰੀ ਹਰ ਕ੍ਰਿਸ਼ਨ ਲਾਲ ਜੀ ਐਮ ਐਲ ਏ ਨੇ ਬੜੀ ਸੁੰਦਰ ਤੇ ਮਧਰ ਪੰਜਾਬੀ ਵਿਚ ਸ਼ਰਧਾਂਜਲੀ ਪੇਸ਼ ਕੀਤੀ। ਆਪਨੇ ਕਹਿਆ, ਇਸ ਪਵਿਤਰ ਥਾਂ ਦੇ ਜਰਰੇ ੨ ਵਿਚ ਬਰਕਤਾਂ ਲੁਕੀਆਂ ਹੋਈਆਂ ਹਨ। ਮੇਰਾ ਦਿਲ ਕਰਦਾ ਹੈ ਕਿ ਮੈਂ ਇਸ ਥਾਂ ਦੀ ਧੂਲੀ ਨੂੰ ਮਥੇ ਤੇ ਲਾਕੇ ਸੁਭਾਗਾ ਬਣਾਂ। ਇਸ ਸਥਾਨ ਤੇ ਇਕ ਵਡੀ ਯਾਦਗਾਰ ਕਾਇਮ ਕਰਨੀ ਚਾਹੀਦੀ ਹੈ ਜਦੋਂ ਕਿ ਦੇਸ਼ ਦੇ ਹੋਰ ਹਿਸਿਆਂ ਵਿਚ ਸ਼ਹੀਦਾਂ ਦੀਆਂ ਯਾਦਾਂ ਬਣ ਰਹੀਆਂ ਹਨ, ਇਸ ਥਾਂ ਵਲ ਸਭ ਤੋਂ ਪਹਿਲਾਂ ਧਿਆਨ ਸ੍ਰਕਾਰ ਨੂੰ ਦੇਣਾ ਚਾਹੀਦਾ ਹੈ।

ਕੂਕਿਆਂ ਦਾ ਇਤਹਾਸ ਸੁਨਹਿਰੀ ਅਖਰਾਂ ਵਿਚ ਲਿਖਿਆ ਜਾਵੇਗਾ

ਸ੍ਰੀ ਚੰਦਰ ਜੀ ਐਮ ਐਲ ਸੀ ਨੇ ਕਹਿਆ ਕਿ ਇਹ ਸੰਮੇਲਨ ਸਵਰਗੀਯ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਅਰੰਭ ਕੀਤਾ ਸੀ। ਮਗਰ ਦੁਰਭਾਗ ਅੱਖਾਂ ਅੱਜ ਉਹਨਾਂ ਦੇ ਦਰਸ਼ਨ ਨਹੀਂ ਕਰ ਰਹੀਆਂ ਹਨ। ਮਗਰ ਫੇਰ ਵੀ ਪ੍ਰਸੰਨਤਾ ਹੈ, ਕਿ ਉਹਨਾਂ ਦੇ ਰੂਪ ਮਹਾਰਾਜ ਜਗਜੀਤ ਸਿੰਘ ਜੀ ਇਸ ਵੇਲੇ ਦਰਸ਼ਨ ਦੇ ਰਹੇ ਹਨ। ਇਹ ਸਥਾਨ ਜਲਿਆਂ ਵਾਲੇ ਬਾਗ ਨਾਲੋਂ ਵਧੇਰੇ ਮਹੱਤਵ ਪੂਰਣ ਹੈ। ਜਲਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਪਤਾ ਨਹੀਂ ਸੀ, ਕਿ ਉਹਨਾਂ ਉਤੇ ਗੋਲੀਆਂ ਚਲਾ-ਈਆਂ ਜਾਣੀਆਂ ਹਨ, ਮਗਰ ਮਲੇਰ ਕੋਟਲੇ ਦੇ ਬੀਰਾਂ ਦੇ ਸਾਮ੍ਹਣੇ ਮੌਤ ਨੱਚ ਰਹੀ ਸੀ—ਇਹ ਵੀਰ ਮਸਤੀ ਨਾਲ ਛਾਲਾਂ ਮਾਰ ਮਾਰ ਅਗੇ ਆਉਂਦੇ ਸਨ। ਕੂਕਿਆਂ ਦਾ ਇਤਹਾਸ ਉਹ ਸੁਨਹਿਰੀ ਚੈਪਟਰ ਹੈ, ਜਿਹੜਾ ਭਾਰਤ ਦੇ ਸੁਤੰਤਰਤਾ ਦੇ ਇਤਹਾਸ ਨੂੰ ਚਾਰ ਚੰਨ ਲਾਏਗਾ। ਇਹ ਉਹ ਧਰਤੀ ਹੈ, ਜਿਸਦਾ ਕਣ ਕਣ ਚੁੰਮਣ ਦੇ ਯੋਗ ਹੈ। ਇਨ੍ਹਾਂ ਨੇ ਗਊ ਦੀ ਉਨਤੀ ਬਾਰੇ ਮਹੱਤਵ ਪੂਰਣ ਵਖਿਆਨ ਦਿਤਾ।

ਸ੍ਰੀ ਮਦਨ ਜੀ ਮਲੇਰ ਕੋਟਲਾ—ਇਹ ਉਹ ਸੱਜਣ ਪੁਰਸ਼ ਸਨ ਜਿਨ੍ਹਾਂ ਨ ਇਸ ਮੇਲੇ ਨੂੰ ਸਫਲ ਬਨਾਉਣ ਹਿਤ ਵਧਚੜ ਕੇ ਹਿਸਾ ਲਿਆ। ਆਪਨੇ ਬੜੇ ਪਰੇਮ ਤੇ ਸ਼ਰਧਾ ਨਾਲ ਆਪਣੀ ਸ਼ਰ-ਧਾਂਜਲੀ ਭੇਟ ਕੀਤੀ। ਆਪਨੇ ਇਹ ਵੀ ਕਹਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਗਵਾਈ ਕੂਕਿਆਂ ਨੂੰ ਵਧੇਰੇ ਉਨਤੀ ਵਲ ਲੈ ਜਾਵੇਗੀ—

ਨਾਮਧਾਰੀ ਬੀਰਾਂ ਸਿਸਕਦੀਆਂ ਗਊਆਂ ਦੇ ਗਲੇ ਤੋਂ ਛੁਰੀ ਹਟਾਉਣ ਲਈ ਆਪਣਾ ਪਵਿਤਰ ਲਹੂ ਡੋਲ੍ਹਿਆ

ਸ੍ਰੀ ਲਛਮਣ ਦਾਸ ਜੀ ਆਰਯਾ ਧੂਰੀ ਵਾਲਿਆਂ ਗਊ ਭਗਤੀ ਵਾਸਤੇ ਪੂਰਾ ਪੂਰਾ ਜ਼ੋਰ ਦਿਤਾ। ਤੇ ਕਿਹਾ ਕਿ ਨਾਮਧਾਰੀ ਵੀਰਾਂ ਗਊਆਂ ਨੂੰ ਬਚਾ-ਉਣ ਵਾਸਤੇ ਆਪਣਾ ਪਵਿਤਰ ਲਹੂ ਡੋਲ੍ਹਿਆ।

ਕੂਕਿਆਂ ਦਾ ਕੱਲਰ ਉਹ ਮਹਾਨ ਤੀਰਥ ਹੈ, ਜਿਥੋਂ ਕੁਸ਼ਟੀ ਸਰੀਰ ਕੁੰਦਨ ਬਣ ਜਾਂਦੇ ਹਨ!

ਸ੍ਰੀਮਾਨ ਸੰਤ ਇੰਦਰ ਸਿੰਘ ਜੀ ਚਕਰਵਰਤੀ ਵੈਸੇ ਤਾਂ ਹਰ ਸਪੀਕਰ ਪਿੱਛੋਂ ਆਪਣੇ ਖਿਆਲਾਂ ਦਾ ਪ੍ਰਗਟਾਵਾ ਕਰ ਲੈਂਦੇ ਸਨ। ਉਨ੍ਹਾਂ ਦੇ ਮਨੋ-ਹਰ ਭਾਸ਼ਣ ਦਾ ਲੁਬੇ ਲੁਬਾਬ ਇਹ ਸੀ ਕਿ ਕੂਕਿਆਂ ਦਾ ਕੱਲਰ ਇੱਕ ਮਹਾਨ ਤੀਰਥ ਹੈ ਜਿੱਥੋਂ ਰੋਗੀਆਂ ਦੇ ਰੋਗ ਦੂਰ ਹੋ ਜਾਂਦੇ ਹਨ। ਸ੍ਰੀ ਸਤਿ-ਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਕਿਰਪਾ ਨਾਲ ਮੈਂ ਹਰ ਥਾਂ ਇਜ਼ਤ ਤੇ ਮਾਣ ਪ੍ਰਾਪਤ ਕਰ ਰਹਿਆ ਹਾਂ। ਮੈਨੂੰ ਹਰ ਪ੍ਰਕਾਰ ਦੀ ਸ਼ਕਤੀ, ਗੁਣ ਆਦਿ ਸਭ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਨਾਲ ਪ੍ਰਾਪਤ ਹਨ। ਹਜ਼ੂਰ ਦੀ ਕਿਰਪਾ ਨਾਲ ਮੇਰੀ ਅਰਧੰਗੀ ਜਿਸ ਉਪਰ ਲਗ ਪਗ ੩੦੦੦

Namdhari Elibrary NamdhariElibrary@gmail.com

ਰੁਪਿਆ ਖਰਚਿਆਂ ਸੀ ਤੇ ਸ੍ਰੀਰ ਰਾਜ਼ੀ ਨਹੀਂ ਸੀ ਹੋਇਆ। ਡਾਕਟਰਾਂ ਪਾਸੋਂ ਵੀ ਕੁਝ ਨਹੀਂ ਸੀ ਮਿਲਿਆ, ਮਗਰ ਇਸ ਸ਼ਹੀਦਾਂ ਦੀ ਸਮਾਧੀ ਤੇ ਕੇਵਲ ੨।।) ਰੁਪਿਆਂ ਦੀ ਬਰਫੀ ਨਾਲ ਉਹ ਨੌ ਬਰਨੌ ਹੋ ਗਈ। ਚਕਰਵਰਤੀ ਜੀ ਦੀ ਤਕਰੀਰ ਸ਼ਰਧਾ ਤੇ ਪਰੇਮ ਨਾਲ ਛਲਕ ਛਲਕ ਪੈਂਦੀ ਸੀ।

ਇਸ ਮੌਕਿਆ ਸ੍ਰੀ ਮਾਨ ਪੰਡਤ ਗੋਪਾਲ ਸਿੰਘ ਜੀ ਹੇਠ ਲਿਖੇ ਮਤੇ ਪੇਸ਼ ਕੀਤੇ ਜਿੰਨ੍ਹਾਂ ਦੀ ਪੁਸ਼ਟੀ ਸ੍ਰ: ਅਵਤਾਰ ਸਿੰਘ ਜੀ ਤੇ ਸ੍ਰ: ਈਸ਼ਰ ਸਿੰਘ 'ਦਰਦ' ਜੀ ਨੇ ਕੀਤੀ।

ਪੰਡਤ ਜੀ ਨੇ ਕਹਿਆ ਗ੍ਰੀਬ ਨਿਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਸਿੱਖਾਂ ਅੰਦਰ ਪਰੇਮ ਤੇ ਰਵਾਦਾਰੀ ਕਾਇਮ ਕਰਨ ਲਈ ਸਰਬ ਸੰਪ੍ਰਦਾਇ ਕਾਂਨਫ੍ਰੰਸ ਕੀਤੀ—ਇਸ ਦੀ ਪੂਰਤੀ ਵਾਸਤੇ ਆਪਣੇ ਕੇਂਦਰ ਵਿਚ ਦਸਾਂ ਗੁਰੂਆਂ ਦਾ ਅਰਦਾਸਾ ਕੀਤਾ ਜਾਣਾ ਪ੍ਰਵਾਨ ਕੀਤਾ। ਸਾਨੂੰ ਦੁਖ ਹੈ, ਕਿ ਸਿਖਾਂ ਅੰਦਰ ਚੋਣਾਂ ਕਾਰਨ ਅਸਭਿ ਭਾਸ਼ਾ ਵਰਤੀ ਜਾ ਰਹੀ ਹੈ, ਜੋ ਸਾਰਿਆਂ ਨੂੰ ਕਲੰਕਤ ਕਰਨ ਵਾਲੀ ਹੈ।

ਸ੍ਰ. ਅਵਤਾਰ ਸਿੰਘ ਜੀ ਆਜ਼ਾਦ ਨੇ ਮਤੇ ਦੀ ਪ੍ਰੋੜ੍ਹਤਾ ਕਰਦਿਆਂ ਕਹਿਆ ਕਿ ਦੁਖ ਦੀ ਗਲ ਹੈ, ਕਿ ਸਾਡਾ ਪਿਤਾ ਗੁਰੂ ਗੋਬਿੰਦ ਸਿੰਘ ਜੀ ਤੇ ਮਾਤ ਸਾਹਿਬ ਦੇਵਾਂ ਮਗਰ ਸਾਡੀ ਜ਼ਬਾਨ ਏਡੀ ਗੰਦੀ ਹੋਵੇ। ਅਜ ਗੁਰਦੁਆਰਿਆਂ ਦੀ ਮਾਇਆ ਖਾਤਰ ਇਹ ਸਭਿਅਤਾ—ਹੀਨ ਡਰਾਮਾ ਹੋ ਰਹਿਆ ਹੈ। ਸਿਖਾਂ ਅੰਦਰ ਭਗਤੀ ਚਾਹੀਦੀ ਹੈ, ਪਰੇਮ ਚਾਹੀਦਾ ਹੈ, ਰਵਾਦਾਰੀ ਚਾਹੀਦੀ ਹੈ, ਹਮਦਰਦੀ ਲੋੜੀਂਦੀ ਹੈ, ਮਗਰ ਇਹ ਸਮਾ ਕਲੰਕਤ ਕਰਨ ਵਾਲਾ ਹੈ। ਸਾਨੂੰ ਫ਼ਖਰ ਹੈ, ਕਿ ਇਸ ਗੰਦਗੀ ਤੋਂ ਬਚਾਉਣ ਪਿਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਗਵਾਈ ਕੀਤੀ ਹੈ।

ਸ੍ਰ: ਈਸ਼ਰ ਸਿੰਘ 'ਦਰਦ' ਨੇ ਮਤੇ ਦੀ ਪਰੋੜ੍ਹਤਾ ਕਰਦਿਆਂ ਕਹਿਆ ਕਿ ਸਾਨੂੰ ਇਸ ਧਰਤੀ ਤੋਂ ਖੁਸ਼ਬੂ ਮਿਲਦੀ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮ ਬਾਣੀ ਦਾ ਉਹ ਪ੍ਰਵਾਹ ਚਲਾਇਆ, ਜਿਸ ਨਾਲ ਰੁੜ੍ਹ ਰਹੀ ਸਿੱਖੀ ਵਿੱਚ ਜਾਨ ਆਈ। ਆਪ ਨੇ ਇੱਕ ਨਿੱਜੀ ਵਾਕਿਆ ਦਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਨਾਲ ਮੇਰੇ ਪੁਤਰ ਸੰਤੋਖ ਸਿੰਘ 'ਧੀਰ'ਨੂੰ ਵੇਖਣਦੀ ਸ਼ਕਤ(ਬੀਨਾਈ) ਮਿਲੀ ਸੀ। ਇਸ ਸ਼ਬਦ ਦੇ ਪਾਠ ਕਾਰਨ, ਜੋ ਸਤਿਗੁਰੂ ਜੀ ਨੇ ਦਸਿਆ,ਮੁੜ ਨਜ਼ਰਪ੍ਰਾਪਤਹੋਈ।

ਗਉੜੀ ਮਹਲਾ ੫

ਨੇਤ੍ਰ ਪਰਗਾਸੁ ਕੀਆ ਗੁਰਦੇਵ।
ਭਰਮ ਗਏ ਪੂਰਨ ਭਈ ਸੇਵ। ਰਹਾਉ।
ਸੀਤਲਾ ਤੇ ਰਾਖਿਆ ਬਿਹਾਰੀ।
ਪਾਰਬ੍ਰਹਮ ਪ੍ਰਭ ਕਿਰਪਾ ਧਾਰੀ।
ਨਾਨਕ ਨਾਮੁ ਜਪੈ ਸੋ ਜੀਵੈ।
ਸਾਧ ਸੰਗਿ ਹਰਿ ਅੰਮ੍ਰਿਤ ਪੀਵੈ।

ਮਤੇ ਇਹ ਹਨ—

ਨਾਮਧਾਰੀ ਖਾਲਸਾ ਜੀ ਦਾ ਅਜ ਦਾ ਵਰਾਟ ਸ਼ਹੀਦੀ ਦੀਵਾਨ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਸਿਖ ਜਗਤ ਵਿਚ ਪ੍ਰਸਪਰ ਸਦ ਭਾਵਨਾ, ਪਿਆਰ ਅਤੇ ਪ੍ਰੇਮ ਨੂੰ ਮੁਖ ਰਖਕੇ ਸਿਖਾਂ ਦੀਆਂ ਸਭ ਪਾਰਟੀਆਂ ਨੂੰ ਸਿਖ ਧਰਮ ਅਤੇ ਗੁਰਦਵਾਰਿਆਂ ਦੇ ਨਾਮ ਉਤੇ ਲੜਦਾ ਝਗੜਦਾ ਵੇਖਕੇ ਬੜੀ ਚਿੰਤਾ ਅਤੇ ਦੁਖ ਪ੍ਰਗਟ ਕਰਦਾ ਹੈ। ਦੀਵਾਨ ਸਭ ਸੰਬੰਧਤ ਪਾਰਟੀਆਂ ਤੇ ਸਜਣਾਂ ਦੀ ਸੇਵਾ ਵਿਚ ਪ੍ਰਾਰਥਨਾ ਕਰਦਾ ਹੈ ਕਿ ਉਹ ਨਾ ਤਾਂ ਅਸਭਿ ਭਾਸ਼ਾ ਵਰਤਣਅਤੇ ਨਾ ਹੀ ਸਦਾਚਾਰ ਹੀਣ ਨਾਅਰੇ ਲਾਕੇ ਸਿਖਾਂ ਦੀ ਜਗ ਹਸਾਈ ਕਰਾਉਣ। ਇਸਦੇ ਨਾਲ ਹੀ ਸਿਖ ਪ੍ਰੈਸ ਵਿਚ ਜੋ ਅਸਭਿ ਭਾਸ਼ਾ ਤੇ ਸੰਕੇਤ ਵਰਤੇ ਜਾ ਰਹੇ ਹਨ, ਉਹਨਾਂ ਉਤੇ ਹਾਰਦਿਕ ਦੁਖ ਅਨੁਭਵ ਕਰਦਾ ਹੈ।

੨. ਇਸ ਦੀਵਾਨ ਨੇ ਉਹਨਾਂ ਖਬਰਾਂ, ਬਿਆਨਾਂ ਅਤੇ ਏਲਾਨਾਂ ਨੂੰ ਬੜੇ ਅਫਸੋਸ, ਚਿੰਤਾ

ਅਤੇ ਦੁਖ ਨਾਲ ਵੇਖਿਆ ਹੈ, ਜਿਨ੍ਹਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਤੇ ਹੋਰ ਨਾਮਧਾਰੀ ਬਜ਼ੁਰਗਾਂ ਦੇ ਨਾਮ ਉਕੇ ਹੀ ਗਲਤ ਤੇ ਭੁਲੇਖਾ ਪਾਉਣ ਲਈ ਵਰਤ ਹਨ।

੩. ਇਹ ਸ਼ਹੀਦੀ ਦੀਵਾਨ ਦੇਸ਼ ਦੇ ਮਹਾਨ ਦੇਸ਼ ਭਗਤ ਸ੍ਰੀਮਾਨ ਪ੍ਰੋਫੈਸਰ ਮਿੱਤਾ ਸਿੰਘ ਜੀ ਦੇ ਅਕਾਲ ਚਲਾਣੇ ਉਤੇ ਸ਼ੋਕ ਪ੍ਰਗਟ ਕਰਦਾ ਹੈ ਅਤੇ ਅਕਾਲ ਪੁਰਖ ਦੀ ਹਜ਼ੂਰੀ ਵਿਚ ਅਰਦਾਸ ਕਰਦਾ ਹੈ ਕਿ ਉਹਨਾਂ ਦੀ ਆਤਮਾ ਨੂੰ ਆਪਣੀ ਮਿਹਰ ਨਾਲ ਨਿਵਾਜਣ।

ਭਜਨ ਕਰੋ ਜਿਹੜਾ ਵੀ ਕਿਸੇ ਕੋਲ ਹੈ

ਨਾਮਧਾਰੀਆਂ ਨੂੰ ਮਾਇਆ ਦਾ ਤਿਆਗ ਕਰਕੇ ਗੁਰੂ ਰਾਮ ਸਿੰਘ ਜੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿਤਰ ਉਪਦੇਸ਼

ਨਿਤਨੇਮ ਅਰੰਭ ਹੋਣ ਤੋਂ ਪਹਿਲਾਂ ਗ੍ਰੀਬ ਨਿਵਾਜ਼ ਸਤਿਗੁਰੂ ਜੀ ਬੜੇ ਮਨ ਮੋਹਣੇ ਤੇ ਦਿਲਾਂ ਤੇ ਜਾਦੂ ਦਾ ਅਸਰ ਕਰਨ ਵਾਲੇ ਸ਼ਬਦਾਂ ਦੁਆਰਾ ਸੰਗਤਾਂ ਨੂੰ ਉਪਦੇਸ਼ ਦੇਕੇ ਨਿਹਾਲ ਕੀਤਾ। ਆਪ ਨੇ ਫੁਰਮਾਇਆ ਕਿ ਅਕਾਲ ਪੁਰਖ ਗਊ ਗ੍ਰੀਬ ਦੀ ਰਖਿਆ ਤੇ ਭਜਨ ਬਾਣੀ ਕਰਾਉਣ ਵਾਸਤੇ ਦੇਹ ਧਾਰਕੇ ਆਉਂਦਾ ਹੈ। ਉਹ ਹੀ ਚੰਗੇ ਬੰਦੇ ਹਨ, ਜੋ ਉਸ ਦਾ ਬਚਨ ਮੰਨਕੇ ਉਸ ਦੇ ਪੂਰਨਿਆਂ ਤੇ ਚੱਲਕੇ ਜਨਮ ਸਫਲ ਕਰਦੇ ਹਨ। ਬੜਾ ਦੁਖ ਹੈ, ਕਿ ਅਜ ਧਰਮ ਦੀ ਥਾਂ ਸਿਆਸਤ ਲੈ ਰਹੀ ਹੈ। ਅਜ ਸ਼ਬਦ ਕੀਰਤਨ ਵਲੋਂ ਧਿਆਨ ਚੁਕਿਆ ਜਾ ਰਹਿਆ ਹੈ। ਸ਼ਰਾਬਾਂ ਵਲ ਧਿਆਨ ਜਾ ਰਿਹਾ ਹੈ। ਜਿਹੜਾ ਅਗ ਵਿਚ ਪਵੇ ਸੜ ਜ਼ਰੂਰ ਜਾਂਦਾ ਹੈ, ਮਗਰ ਸੇਕ, ਕੋਲ ਖਲੋਣ ਵਾਲਿਆਂ ਨੂੰ ਵੀ ਆਉਂਦਾ ਹੈ।

ਇਹ ਉਹ ਪਵਿਤਰ ਥਾਂ ਹੈ, ਜਿੱਥੇ ਸ਼ਹੀਦਾਂ ਦਾ ਖ਼ੂਨ ਡੁਲ੍ਹਾ ਸੀ ਅਜ ਅਸੀਂ ਸ਼ਹੀਦਾਂ ਦਾ ਬੀਜਿਆ ਵਢਕੇ ਖਾ ਰਹੇ ਹਾਂ। ਨਾਮਧਾਰੀਓ! ਤੁਸੀਂ ਵੀ ਬੀਜੋ ਤੁਹਾਡੇ ਪਿੱਛੇ ਆਉਣ ਵਾਲੇ ਤੁਹਾਡਾਬੀਜਿਆ ਖਾਣਗੇ। ਜਿੰਨੇ ਝਖੜ ਨਾਮਧਾਰੀਆਂ ਤੇ ਝੁਲੇ ਸਨ, ਉਹਨਾਂ ਤੋਂ ਸਾਨੂੰ ਗੁਰੂ ਹਰੀ ਸਿੰਘ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਾਇਆ ਸੀ। ਸਾਨੂੰ ਉਹਨਾਂ ਦੀ ਸਦਾ ਯਾਦ ਦਿਲ ਵਿਚ ਰਖਣੀ ਚਾਹੀਦੀ ਹੈ। ਨਾਮਧਾਰੀਓ! ਭਜਨ ਕਰੋ। ਦੂਜੇ ਕਰਾਵੋ! ਤੁਸੀਂ ਵੀ ਭਜਨ ਕਰੋ, ਜਿਹੜਾ ਤੁਹਾਡੇ ਕੋਲ ਹੈ। ਜਿਸਨੂੰ ਨਹੀਂ ਆਉਂਦਾਉਹ ਪੁਛ ਲਵੇ। ਜੀਵਨ ਦਾ ਮਨੋਰਥ ਇਹੋ ਹੈ। ਅੱਜ ਦਾ ਸੰਸਾਰ ਮਾਇਆ ਮਗਰ ਦੌੜ ਰਹਿਆ ਹੈ, ਜਿਸਦਾ ਸਦਕਾ ਦੁਖੀ ਹੈ। ਮਗਰ ਸਤਿਗੁਰੂ ਜੀ ਦੀ ਕਿਰਪਾ ਨਾਲ ਇਸ ਸੰਗਤ ਵਿਚ ਅਜੇ ਹਰਿਆਈ ਹੈ।

ਗੁਰਦੁਆਰਾ ਚੋਣਾਂ ਦਾ ਜਿਕਰ ਕਰਦਿਆਂ ਹਜ਼ੂਰ ਨੇ ਬਚਨ ਕੀਤਾ, ਕਿ ਸਾਨੂੰਮੈਂਬਰ ਉਹ ਬਨਾਉਣਾਂ ਚਾਹੀਦਾ ਹੈ। ਜਿਹੜਾ ਬਹੁਤੀ ਬਾਣੀ ਪੜੇ, ਭਜਨ ਬਹੁਤਾ ਕਰੇ, ਤੇ ਸੇਵਾ ਬਹੁਤੀ ਕਰੇ। ਅੱਜ ਬਾਣੀ ਵਲ ਧਿਆਨ ਨਹੀਂ, ਨਾਮ ਨਾਲ ਜੁੜਨਾਂ ਨਹੀਂ, ਇਸ ਵਾਸਤੇ ਮਤ ਸਾਫ ਨਹੀਂ ਹੁੰਦੀ।

ਦਾਤ ਪਿਆਰੀ ਵਿਸਰਿਆ ਦਾਤਾਰਾ।

ਅੱਜ ਕਈ ਬਿਹੰਗਮ ਵੇਖੇ ਜਾਂਦੇ ਹਨ, ਜਿਹੜੇ ਗ੍ਰਿਸਤੀਆਂ ਨੂੰ ਬਿਆਜੀ ਰੁਪਏ ਦੇਂਦੇ ਹਨ। ਸਾਨੂੰ ਸੰਤ ਮੋਹਣ ਸਿੰਘ ਜੀ ਵਡਾਲਾ ਵਾਲਿਆਂ ਦੇ ਜੀਵਨ ਤੋਂ ਸਿਖਿਆ ਲੈਣੀ ਚਾਹੀਦੀ ਹੈ ਜਿਹੜੇ ਮਾਇਆ ਦਾ ਤਿਆਗ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਚਾਰ ਕਰਦੇ ਸਨ।

ਏਥੇ ਆਇਆਂ ਨੂੰ ਕੁਝ ਲੈਕੇ ਜਾਣਾ ਚਾਹੀਦਾ

ਹੈ। ਕੁਝ ਦੇਕੇ ਜਾਣਾ ਚਾਹੀਦਾ ਹੈ। ਏਥੇ ਕੋਈ ਝੂਠ ਦੇ ਜਾਵੇ, ਕੋਈ ਸ਼ਰਾਬ ਛਡ ਜਾਵੇ ਕੋਈ ਹੋਰ ਕੁ-ਕਰਮ ਛੱਡ ਜਾਵੇ ਤੇ ਲੈ ਜਾਵੇ ਭਜਨ, ਬਾਣੀ, ਦਇਆ, ਦਾਨ ਆਦਿ।

ਗਊ ਰਖਿਆ ਸਬੰਧੀ ਆਪਨੇ ਕਹਿਆ ਕਿ ਸਾਨੂੰ ਬਹੁਤਾ ਸ੍ਰਕਾਰ ਤੇ ਭਰੋਸਾ ਨਹੀਂ ਕਰਨਾ ਚਾਹੀਦਾ। ਹਰ ਪਾਰਟੀ ਆਪਣੇ ਆਪਣੇ ਜਿਮੇ ਇਹ ਕੰਮ ਲਵੇ। ਮੈਂ ਨਾਮਧਾਰੀਆਂ ਦਾ ਜ਼ਿਮਾ ਲਵਾਂਗਾ। ਫੇਰ ਵੇਖੋ ਕਿਵੇਂ ਦੇਸ਼ ਉਨਤੀ ਕਰਦਾ ਹੈ।

ਨਾਮਧਾਰੀਆਂ ਨੂੰ ਦਿਨ ਵਿਚ ਇਕ ਵੇਰ ਜ਼ਰੂਰ ਭਾਣੇ ਦੇ ਬਚਨ ਕਰਨੇ ਚਾਹੀਦੇ ਹਨ। ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣਗੇ। ਤਗੜੇ ਬਣੋਂ। ਭਜਨ ਕਰੋ! ਸਭ ਸ਼ਕਤੀਆਂ ਤੁਹਾਡੇ ਅਧੀਨ ਹੋਣਗੀਆਂ।

ਇਕ ਘੰਟਾ ਨਾਮ ਸਿਮਰਨ ਹੋਇਆ। ਰਾਤ ਨੂੰ ਕਵੀ ਸਜਣਾਂ ਨੇ ਆਪਣੇ ਆਪਣੇ ਸ਼ਰਧਾ ਦੇ ਭਾਵ ਕਵਿਤਾ ਦੇ ਰੂਪ ਵਿਚ ਪਰਗਟ ਕੀਤੇ। ਸੰਤ ਆਤਮਾ ਸਿੰਘ ਸਨਖਤਰਾ, ਹਰਬੰਸ ਸਿੰਘ 'ਰਤਨ' ਜਗੀਰ ਸਿੰਘ ਸੰਤ ਨਗਰ ਤੇ ਹੋਰ ਸਜਣਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ।

ਸਤਿਗੁਰਾਂ ਦੀ ਕਿਰਪਾ ਨਾਲ ਸਾਰੀ ਰਾਤ ਕੀਰਤਨ ਹੁੰਦਾ ਰਹਿਆ। ਸ੍ਰੀਮਾਨ ਪੰਡਤ ਗੋਪਾਲ ਸਿੰਘ, ਸੰਤ ਗਿਆਨ ਸਿੰਘ ਵੀਰੋਕੇ ਤੇ ਸੰਤ ਸੇਵਾ ਸਿੰਘ ਸਾਧ ਸੰਗਤ ਦੀਆਂ ਰੱਜ ਰੱਜ ਖੁਸ਼ੀਆਂ ਲਈਆਂ। ਪੰਡਤ ਗੋਪਾਲ ਸਿੰਘ ਜੀ ਦੇ ਦੀਵਾਨ ਦੇ ਭੋਗ ਪਾਉਣ ਸਮੇ ੯੭ ਸਜਣਾਂ ਮਾਸ, ਸ਼ਰਾਬ ਦਾ ਤਿਆਗ ਕਰ ਭਜਨ ਪੁਛਿਆ। ਸਤਿਗੁਰ ਪੰਡਤ ਜੀ ਤੇ ਹੋਰ ਕਿਰਪਾ ਕਰਨ।

੧੯ ਜਨਵਰੀ ਨੂੰ ਵਾਰਾ ਸੰਤ ਪ੍ਰੀਤਮ ਸਿੰਘ ਜੀ ਨੇ ਆਪਣੇ ਜੱਥੇ ਸਹਿਤ ਲਾਇਆ। ਵਾਰੇ ਵਿਚ ਸਵਾਦ ਸੀ, ਰਸ ਸੀ ਤੇ ਅਨੰਦ ਸੀ ਹਵਨ ਹੋਇਆ ਤੇ ੬ ਸਧਾਰਨ ਪਾਠਾਂ ਦੇ ਭੋਗ ਪਾਏ ਗਏ।

ਇਸ ਸ਼ੁਭ ਦਿਨ ਜਿਹੜਾ ਵਿਸ਼ੇਸ਼ ਕਾਰਜ ਪ੍ਰਤਖ ਰੂਪ ਵਿਚ ਹੋਇਆ ਉਹ ਇਹ ਸੀ–ਨਾਮਧਾਰੀ ਦਰਬਾਰ ਦੀ ਪੁੰਨਰ ਸਥਾਪਨਾਂ! ਗ਼ੀਬ ਨਿਵਾਜ਼ ਜੀ ਦਾ ਹੁਕਮ ਪਾਕੇ ਉਸ ਦੀ ਨੀਂਹ ਰਖੀ ਗਈ।

ਮੇਲੇ ਦਾ ਪ੍ਰਬੰਧ ਸਤਿਗੁਰਾਂ ਦੀ ਕਿਰਪਾ ਨਾਲ ਬਿਲਕੁਲ ਤਸੱਲੀ ਬਖਸ਼ ਸੀ। ਹਰ ਸਜਣ ਨੂੰ ਉਸ ਦੀ ਇੱਛਾ ਅਨਸਾਰ ਲੋੜ ਪੂਰਤੀ ਹੋਈ–ਸਮੂੰਹ ਪ੍ਰਬੰਧਕਾਂ ਨੂੰ ਸਤਿਗੁਰੂ ਜੀ ਦੀਆਂ ਖੁਸ਼ੀਆਂ।

ਮੇਲੇ ਦੇ ਸੇਵਾਦਾਰ:–ਸੂਬਾ ਗੁਰਬਖਸ਼ ਸਿੰਘ, ਜਥੇਦਾਰ ਮਿਹਰ ਸਿੰਘ, ਸੂਬਾ ਵਰਿਆਮ ਸਿੰਘ, ਸੂਬਾ ਸੇਵਾ ਸਿੰਘ, ਸੂਬਾ ਉਜਾਗਰ ਸਿੰਘ ਸ੍ਰੀ ਭੈਣੀ ਸਾਹਿਬ। ਸ੍ਰੀ ਮਦਨ ਲਾਲ ਜੀ ਮਲੇਰ ਕੋਟਲਾ।

ਦੀਵਾਨ ਦੇ ਸੇਵਾਦਾਰ–ਸੰਤ ਅਮਰੀਕ ਸਿੰਘ ਅਬੋਹਰ ਸੰਤ ਲਾਭ ਸਿੰਘ, ਸੰਤ ਕਿਹਰ ਸਿੰਘ ਸਿਆੜ੍ਹ।

ਲੰਗਰ ਦੀ ਸੇਵਾ ਕਰਨ ਵਾਲੇ:–ਸੰਤ ਹਰ ਨਾਮ ਸਿੰਘ ਜੀ, ਮਸਤਾਨਾ ਰਾਮ ਰਾਮ, ਕੌਲਾ ਸਿੰਘ, ਸੰਤ ਬਚਨ ਸਿੰਘ ਸੰਤ ਨਗਰ ਸੰਤ ਜਗੀਰ ਸਿੰਘ, ਸੰਤ ਚੰਦਾ ਸਿੰਘ, ਕਰਤਾਰ ਸਿੰਘ ਪਹਿਲ ਵਾਨ। ਮਾਤਾ ਸੰਤ ਕੌਰ, ਦਿਨ ਰਾਤ ਭਾਂਡੇ ਮਾਜਣ ਦੀ ਸੇਵਾ ਕਰਦੀ ਰਹੀ।

ਪਿੰਡ ਸਿਆੜ੍ਹ, ਚੱਕ, ਭਟੀਆਂ, ਝੱਲ, ਅਤੇ ਮਾਂਣਕ ਮਾਜਰਾ ਨੇ ਸਾਧ ਸੰਗਤ ਵਾਸਤੇ ਦੁਧ ਲਿਆਉਣ ਦੀ ਸੇਵਾ ਨਿਭਾਈ। ਸਤਿਗੁਰੂ ਸੱਚੇ ਪਾਤਸ਼ਾਹ ਸਮੂੰਹ ਨੂੰ ਖੁਸ਼ੀਆਂ ਤੇ ਹੋਰ ਸੇਵਾ ਦਾ ਬਲ ਬਖਸ਼ਣ।

[ਮਾਸਟਰ ਨਿਹਾਲ ਸਿੰਘ ਸ੍ਰੀ ਜੀਵਨ ਨਗਰ

ਵਤਨ ਦੇ ਸ਼ਹੀਦ

ਸ੍ਰ. ਜੋਗਿੰਦਰ ਸਿੰਘ ਜੀ "ਕੰਵਲ" ਬੀ. ਏ.

ਸਤਿਗੁਰ ਬਾਬਾ ਰਾਮ ਸਿੰਘ ਦੇ, ਸਾੜੇ ਜਾਣੇ ਅਜ ਪਰਵਾਨੇ।
ਲਾੜੀ ਮੌਤ ਵਿਆਉਣ ਵਾਸਤੇ, ਬੰਨ੍ਹ ਤੁਰੇ ਗੁਟਾਂ ਨੂੰ ਗਾਨੇ।
ਦੇਸ਼ ਪਿਆਰ ਦੀ ਮਦਰਾ ਪੀਕੇ, ਹੁੰਦੇ ਜਾਵਣ ਇਹ ਮਸਤਾਨੇ।
ਇਨ੍ਹਾਂ ਦੀਆਂ ਛਾਤੀਆਂ ਉਤੇ, ਬੰਨ੍ਹਣੇ ਤੋਪਾਂ ਹੈਨ ਨਿਸ਼ਾਨੇ।
ਤੇਲ ਇਨ੍ਹਾਂ ਦੀ ਰੱਤ ਦਾ ਪੈਕੇ, ਦੇਸ਼ ਦੇ ਅੰਦਰ ਦੀਪ ਜਗਣਗੇ।
ਡੁੱਲ੍ਹ ਖੂਨ ਸ਼ਹੀਦਾਂ ਦਾ, ਤੇ ਭਾਰਤ ਮਾਂ ਨੂੰ ਭਾਗ ਲਗਣਗੇ।

ਗਲ ਵਿਚ ਚਿਟੇ ਚੋਲੇ ਸਜਦੇ, ਸੀਸਾਂ ਤੇ ਦਸਤਾਰ ਸੁਹਾਣੀ।
ਇਕ ਹੱਥ ਵਿਚ ਮਾਲਾ ਸੋਹੰਦੀ, ਦੂਏ ਹਥ ਦੀ ਕਾਰ ਸੁਹਾਣੀ।
ਨਾਲੇ ਰਾਜੇ ਨਾਲੇ ਜੋਗੀ, ਕਿਹਾ ਸੋਹਣੀ ਨੁਹਾਰ ਸੁਹਾਣੀ।
ਇਹ ਅਣਖਾਂ ਦੇ ਪੁਤਲੇ ਯੋਧੇ, ਇਨ੍ਹਾਂ ਦੀ ਹੈ ਵਾਰ ਸੁਹਾਣੀ।
ਝਲ ਕੇ ਆਪਣੇ ਉਤੇ ਦੁਖੜੇ, ਲੋਕਾਂ ਦੇ ਇਹ ਕਸ਼ਟ ਹਰਣਗੇ।
ਡੁੱਲ੍ਹ ਖੂਨ ਸ਼ਹੀਦਾਂ ਦਾ ਤੇ, ਭਾਰਤ ਮਾਂ ਨੂੰ ਭਾਗ ਲਗਣਗੇ।

ਮਲੇਰ ਕੋਟਲੇ ਦੇ ਰਕੜ ਨੂੰ, ਤੁਰਿਆ ਜਾਏ ਸ਼ਹੀਦੀ ਟੋਲਾ।
ਹੋਵੇ ਦੇਸ਼ ਅਜ਼ਾਦ ਅਸਾਡਾ, ਇਹਨਾਂ ਦਾ ਇਕੋ ਹੀ ਬੋਲਾ।
ਇਹ ਨਹੀਂ ਚਾਹੁੰਦੇ ਦੇਸ਼ ਅਸਾਡਾ, ਬਣਿਆ ਰਹੇ ਵਦੇਸ਼ੀ ਗੋਲਾ।
ਜ਼ਾਲਮ ਦੇ ਰਾਜਾਂ ਦਾ ਏਨ੍ਹਾਂ, ਪੜ੍ਹ ਦੇਣਾਂ ਏਂ ਕੀਰਤਨ ਸੋਹਲਾ।
ਪੀ ਪੀ ਕੇ ਇਹ ਜਾਮ ਸ਼ਹੀਦੀ, ਤੋਪਾਂ ਸਾਹਵੇਂ ਆ ਡਟਣਗੇ।
ਡੁੱਲ੍ਹ ਖੂਨ ਸ਼ਹੀਦਾਂ ਦਾ ਤੇ, ਭਾਰਤ ਮਾਂ ਨੂੰ ਭਾਗ ਲਗਣਗੇ।

ਤੋਪਾਂ ਸਾਹਵੇਂ ਸੂਰਮਿਆਂ ਦਾ, ਰਤੀ ਜਿਨਾਂ ਵੀ ਮਨ ਨਾ ਝੁਰਿਆ।
ਉਠੀ ਕਾਂਗ ਸੁਤੰਤ੍ਰਤਾ ਦੀ, ਅੰਗਰੇਜਾਂ ਦਾ ਬੇੜਾ ਰੁੜਿਆ।
ਰੋਲੇ ਤੂੰ ਅਣਮੁਲੇ ਹੀਰੇ, "ਹੀਰਾ ਸਿੰਘ" ਜਿਹੇ 'ਕਾਵਨ' ਬੁਰਿਆ।
"ਲਹਿਣਾ ਸਿੰਘ" ਵੀ ਅੰਤ ਦੀ ਵਾਰੀ, ਆਪਣਾ ਲਹਿਣਾ ਲੈਕੇ ਤੁਰਿਆ।
ਹਡੀਆਂ, ਮਾਸ, ਲਹੂ ਤੇ ਚਰਬੀ, ਯੁਗਾਂ ਤੀਕਰ ਪਏ ਮਗੂਣਗੇ।
ਡੁੱਲ੍ਹ ਖੂਨ ਸ਼ਹੀਦਾਂ ਦਾ ਤੇ, ਭਾਰਤ ਮਾਂ ਨੂੰ ਭਾਗ ਲਗਣਗੇ।

ਮੌਤ ਵੇਖਕੇ ਖਿੜ ਖਿੜ ਹਸੇ, ਰਤਾ ਜਿੰਨੇ ਵੀ ਫੁਲ ਨਾ ਭੌਂ ਗਏ।
ਸਿੰਘਾਂ ਦੀ ਕੁਰਬਾਨੀ ਤਕ ਕੇ, ਜ਼ਾਲਮ ਦੇ ਵੀ ਹੌਂਸਲੇ ਧੌਂ ਗਏ।
ਮੂੰਦ ਮਸੂੰਦੀ ਧਰਤੀ ਉਤੇ, ਲੰਮੀਆਂ ਤਾਣ ਸੂਰਮੇ ਸੌਂ ਗਏ।

ਰਕੜਾਂ ਅੰਦਰ ਅਜੇ ਸੁਣੀਦਾ, ਜੋ ਉਹ ਗੀਤ ਵਤਨ ਦਾ ਗੌਂ ਗਏ।
ਇਹਨਾਂ ਦੀਆਂ ਚਿਤਾਵਾਂ ਉਤੇ, ਆਏ ਵਰ੍ਹੇ ਦੀਵਾਨ ਸਜਣਗੇ।
ਡੁਲ੍ਹ ਖ਼ੂਨ ਸ਼ਹੀਦਾਂ ਦਾ ਤੇ, ਭਾਰਤ ਮਾਂ ਨੂੰ ਭਾਗ ਲਗਣਗੇ।

ਆਪੀਂ ਲੈਕੇ ਦੇਸ਼ ਨਕਾਲਾ, ਡੁਬਦਾ ਦੇਸ਼ ਬਚਾ ਗਏ ਸਤਿਗੁਰ।
ਗਊ ਗਰੀਬਾਂ ਦੀ ਰਖਿਆ ਖਾਤਰ, ਆਪਾ ਘੋਲ ਘੁਮਾ ਗਏ ਸਤਿਗੁਰ।
ਧਰਮ ਯੱਗ ਪਰਚੰਡ ਕਰਨ ਲਈ, ਖ਼ੂਨ ਅਹੂਤੀ ਪਾ ਗਏ ਸਤਿਗੁਰ।
ਝੂਣ ਝੂਣਕੇ ਭਾਰਤੀਆਂ ਦੇ, ਸੁਤੇ ਭਾਗ ਜਗਾ ਗਏ ਸਤਿਗੁਰ।
ਆਜ਼ਾਦੀ ਦੇ ਅੰਬਰ ਤਾਰੇ, ਯੁਗਾਂ ਤੀਕਰ ਪਏ ਜਗਣਗੇ।
ਡੁਲ੍ਹ ਖ਼ੂਨ ਸ਼ਹੀਦਾਂ ਦਾ ਤੇ, ਭਾਰਤ ਮਾਂ ਨੂੰ ਭਾਗ ਲਗਣਗੇ।

ਅਮਰ ਕੂਹਾਂ ਦੀ ਯਾਦ ਵਿੱਚ

[ਗਿਆਨੀ ਲਾਭ ਸਿੰਘ ਜੀ ਚਾਹਲ ਕਰੀਵਾਲਾ

ਧਰਮ ਵਾਸਤੇ ਜਿੰਨਾਂ ਨੇ ਜਾਨ ਵਾਰੀ, ਨਾਮ ਉਹਨਾਂ ਦਾ ਜਗ ਤੇ ਚਮਕਦਾ ਏ।
ਇਸ ਦੁਨੀਆਂ ਵਿਚ ਲੋਕੀ ਪੂਜਦੇ ਨੇ, ਦੁਆਰੇ ਸਚੇ ਦੇ ਕੋਈ ਨ ਹਟਕਦਾ ਏ।
ਮਲੇਰ ਕੋਟਲੇ ਵਿਉ ਸ਼ਹੀਦ ਸਿੰਘੋ, ਹਠੀ ਤਪੀਓ ਅਤੇ ਮੁਰੀਦ ਸਿੰਘੋ।
ਤੁਹਾਡੇ ਤਪ ਨੇ ਰਬ ਨੂੰ ਮੋਹ ਲੀਤਾ, ਨਿਰੰਕਾਰ ਨੂੰ ਲਿਆ ਖਰੀਦ ਸਿੰਘੋ।
ਜੈਂਪੇ ਹੋਰ ਵੀ ਬਹੁਤ ਸ਼ਹੀਦ ਹੋਏ, ਆਪਣੀਆਂ ਜਾਨਾਂ ਦੀਆਂ ਬਾਜ਼ੀਆਂ ਲਾ ਗਏ ਨੇ।
ਤੁਹਾਡੀ ਅਦੁਤੀ ਸ਼ਹੀਦੀ ਦੇ ਕਾਰਨਾਮੇ, ਐਪਰ ਸਾਰਿਆਂ ਨੂੰ ਮਾਤ ਪਾ ਗਏ ਨੇ।
ਮੇਰੀ ਕਲਮ ਦੀ ਜੀਭ ਵਿਚ ਬਲ ਨਾਹੀਂ, ਹਿਕੜੀ ਕਾਗਜ਼ ਦੀ ਸਕਦੀ ਝੱਲ ਨਾਹੀਂ।
ਦੁਖਾਂ ਭਰੀ ਇਹ ਵਾਰਤਾ ਸੁਣਕੇ ਤੇ, ਹੰਝੂ ਸਕਦਾ ਕੋਈ ਵੀ ਠੱਲ ਨਾਹੀਂ।

ਚੀਨੀ ਅਸਵਾਰ

(ਸ੍ਰੀ ਮਤੀ ਜਸਬੀਰ ਕੌਰ ਜੀ ਅਸਟਰੇਲੀਆ)

ਫੁਲਾਂ ਫੁਲਾਂ ਉਤੋਂ ਖੁਸ਼ੀਆਂ ਬੋਲੀਆਂ
ਆਵੋ ਭਰੀਏ ਸਹੇਲੀਓ ਝੋਲੀਆਂ
ਸਾਡੇ ਵਿਹੜਿਆਂ 'ਚ ਛਾਈ ਬਹਾਰ ਨੀ ਸਈਓ!
ਆਇਆ ਚੀਨੀ ਦਾ ਸ਼ਹੁ ਸਵਾਰ ਨੀ ਸਹੀਓ!
ਪੈਰੀਂ ਪਊਏ ਤੇ ਪੋਲੀ ਪੋਲੀ ਚਾਲ ਨੀ
ਬੂਟਾ ਸਰੂ ਦਾ ਲੰਮੀ ਲੰਮੀ ਡਾਲ ਨੀ
ਗਲ ਮਾਲਾ ਤੇ ਸਿਧੀ ਦਸਤਾਰ ਨੀ ਸਹੀਓ!
ਆਇਆ ਚੀਨੀ ਦਾ ਸ਼ਹੁ ਸਵਾਰ ਨੀ ਸਹੀਓ!
ਮਧੂ ਨੈਣਾਂ ਵਿਚ ਡਕੀਆਂ ਖੁਮਾਰੀਆਂ
ਲੂਟੀ ਸਿਖੀ ਦੀਆਂ ਝੁਲੀਆਂ ਕਿਆਰੀਆਂ
ਆਇਆ ਨਾਨਕ ਦਾ ਰੂਪ ਨਿਰੰਕਾਰ ਨੀ ਸਹੀਓ!
ਆਇਆ ਚੀਨੀ ਦਾ ਸ਼ਹੁ ਸਵਾਰ ਨੀ ਸਹੀਓ!
ਰਾਤਾਂ ਕਾਲੀਆਂ 'ਚ ਸ਼ੇਰ ਲਲਕਾਰਿਆ
ਉਠੋ ਪੁਤਰੋ ਹੋ ਦੇਸ਼ ਨੇ ਪੁਕਾਰਿਆ
ਆਵੇ ਯਾਦਾਂ ਵਿਚ ਸਾਡੇ ਵਾਰ ਵਾਰ ਨੀ ਸਹੀਓ!
ਆਇਆ ਚੀਨੀ ਦਾ ਸ਼ਹੁ ਸਵਾਰ ਨੀ ਸਹੀਓ!
ਕਿਧਰ ਟੁਰ ਗਿਉਂ ਤੂੰ ਸਾਨੂੰ ਛਡ ਵੇ
ਯਾਦ ਕਰੇ ਅੱਜ ਸਾਰਾ ਤੈਨੂੰ ਜੱਗ ਵੇ
'ਜਸ' ਮੰਗੇ ਪਈ ਦਰਸ ਦੀਦਾਰ ਨੀ ਸਹੀਓ!
ਆਇਆ ਚੀਨੀ ਦਾ ਸ਼ਹੁ ਸਵਾਰ ਨੀ ਸਹੀਓ!

ਨਾਮਧਾਰੀ ਪੰਥ

[ਸ੍ਰ. ਉਤਮ ਸਿੰਘ ਜੀ 'ਤੇਜ'

ਬਾਣੀ ਦਾ ਪ੍ਰੇਮੀ ਨਿਤਨੇਮੀ ਤਿਆਗੀ ਸੰਤ ਪੂਰਾ, ਏਕਤਾ ਦਾ ਹਾਮੀ ਅਤੇ ਦੁਖੀ ਦਾ ਸਹਾਰਾ ਏ।
ਸ਼ਬਦਾਂ ਦੇ ਵਿਚੋਂ ਇਹ ਸਵਾਦ ਮਾਣੇ ਜ਼ਿੰਦਗੀ ਦਾ, ਮਾਲਾ ਵਿਚੋਂ ਵੇਖੇ ਚੀਨੀ ਵਾਲੇ ਦਾ ਨਜ਼ਾਰਾ ਏ।
ਅਖਾਂ ਵਾਲੀ ਤਕੜੀ ਤੇ ਸਚ ਝੂਠ ਤੋਲਦਾ ਏ, ਅਠੇ ਪਹਿਰ ਮਾਣੇ ਪਿਆ ਸਿਦਕ ਦਾ ਹੁਲਾਰਾ ਏ।
ਤੋਪਾਂ ਅਗੇ ਉਡ ਉਡ ਭਾਰਤ ਸ਼ਿੰਗਾਰ ਵਿਚ, ਸਾਰੇ ਜਗ ਉਤੇ ਪਾਇਆ ਏਨੇ ਲਿਸ਼ਕਾਰਾ ਏ।
ਸੀਨੇ ਇਹਦੇ ਵਿਚ ਛੇਕ ਸਜਨਾਂ ਪਿਆਰਿਆਂ ਦਾ, ਏਸਦੀਆਂ ਅਖਾਂ ਵਿਚ ਬ੍ਰਿਹੁੰ ਦੀ ਧਾਰਾ ਏ।
ਵੇਖ ਕੁਰਬਾਨੀ ਇਹਦੀ ਜਗ ਸਾਰਾ ਆਖਦਾ ਏ, ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ।

ਸਿਰ ਇਹਨੇ ਰਖਿਆ ਅਜ਼ਾਦੀ ਦੀ ਦਲ੍ਹੀਜ਼ ਉਤੇ, ਦਿਤੀ ਇਹਨੂੰ ਜਿੰਦਗੀ ਸੀ ਮੌਤ ਦੇ ਮਿਲਾਪ ਨੇ।
ਬਾਲਕ ਦੇ ਰੂਪ ਵਿਚੋਂ ਰਾਮ ਲਭਾ ਇਸਨੇ ਸੀ, ਦੇਸ਼ ਨੂੰ ਅਜ਼ਾਦੀ ਦਿਤੀ ਇਹਦੇ ਪ੍ਰਤਾਪ ਨੇ।
ਚੰਡੀ ਨਾਲ ਏਹਨੇ ਪੰਜੇ ਚੰਡਕੇ ਬਹਾਲ ਦਿਤੇ, ਜੈ ਜੈ ਕਰਵਾਈ ਇਹਦੇ ਜਪੁਜੀ ਦੇ ਜਾਪ ਨੇ।
ਉਕਰੀ ਉਗਾਹੀ ਇਤਹਾਸ ਦਿਆਂ ਪੰਨਿਆਂ ਤੇ, ਕੋਟਲੇ ਦਾ ਸਾਕਾ ਸਾਰਾ ਪੜ੍ਹਿਆ ਹੈ ਆਪ ਨੇ।
ਭਾਣੇ ਵਿਚ ਰਹਿੰਦਾ ਹੋਯਾ ਹਸਦਾ ਗੁਲਾਬ ਵਾਂਗ, ਫਰਜ਼ ਤਾਈਂ ਸਮਝਦਾ ਏ ਜਾਨ ਤੋਂ ਪਿਆਰਾ ਏ।
ਇਹਦੇ ਸਿਰ ਬਧਾ ਹੋਇਆ ਸਾਫ਼ਾ ਸਾਫ਼ ਆਖਦਾ ਏ, ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ।

ਸਾਦਗੀ ਦੇ ਰੂਪ ਚੋਂ ਸਰੂਰ ਲਵੇ ਜਿੰਦਗੀ ਦਾ, ਨਾਮ ਨਾਲ ਅੰਗ ਸਾਰੇ ਏਸਨੇ ਸ਼ਿੰਗਾਰੇ ਨੇ।
ਪੜ੍ਹ ਪੜ੍ਹ ਬਾਣੀ ਪਹੁੰਚੇ ਦਸਵੇਂ ਦੁਆਰ ਵਿਚ, ਝੂਮ ਝੂਮ ਮਾਣੇ ਇਹਨੇ ਮਸਤੀ ਦੇ ਹੁਲਾਰੇ ਨੇ।
ਸਤਲੁਜ ਵਿਚ ਸਤ ਏਸ ਮਹਾ ਸੰਤ ਦਾ ਏ, ਆਸ ਲੌਂਦੇ ਇਹਦੇ ਤੇ ਬਿਆਸ ਦੇ ਕਨਾਰੇ ਨੇ।
ਤਪ ਕਰ ਏਸਨੇ ਰੰਗੂਨ ਦੀਆਂ ਜੇਹਲਾਂ ਵਿਚ, ਤਪੇ ਹੋਏ ਦੁਨੀਆਂ ਦੇ ਜੀਵ ਜੰਤ ਠਾਰੇ ਨੇ।
ਖਿੜੇ ਮਥੇ ਝਲੀਆਂ ਮੁਸੀਬਤਾਂ ਦਲੇਰ ਹੋਕੇ, ਦੇਸ਼ ਉਤੋਂ ਵਾਰ ਦਿਤਾ ਇਹਨੇ ਸੁਖ ਸਾਰਾ ਏ।
ਵੇਖ ਕੁਰਬਾਨੀ ਏਹਦੀ ਜਗ ਸਾਰਾ ਆਖਦਾ ਏ, ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ।

ਰਬ ਸਚੇ ਆਪ ਤਸਵੀਰ ਘੜੀ ਸਾਦਗੀ ਦੀ, ਇਹਦੀ ਹਿਕ ਵਿਚ ਪਾਇਆ ਦਰਦ ਹੈ ਜਹਾਨ ਦਾ।
ਗਊਆਂ ਲਈ ਚਮੜੀ ਲੁਹਾਈ ਇਹਨੇ ਆਪਣੀ ਸੀ, ਵੇਖਕੇ ਮੁਸੀਬਤਾਂ ਏਹ ਸੀਨਾ ਰਿਹਾ ਤਾਨ ਦਾ।
ਦਿਉਤਿਆਂ ਦੇ ਉਤੋਂ ਨਾ ਏ ਦੁਨੀਆਂ ਲੁਟੋਂਦਾ ਫਿਰੇ, ਕਰੇ ਇਨਸਾਨ ਹੋਕੇ ਮਾਨ ਇਨਸਾਨ ਦਾ।
ਗੌਰਵ ਮਨੁਖਤਾ ਦਾ ਸਭਤਾ ਜਹਾਨ ਦੀ ਏ, ਪਗ ਏ ਪੰਜਾਬ ਦੀ ਤੇ ਨਾਂ ਹਿੰਦੁਸਤਾਨ ਦਾ।
ਪਛੋਂ ਦਿਆਂ ਗੰਡਿਆਂ ਨੂੰ ਹੂੰਝਣ ਲਈ ਹਿੰਦ ਵਿਚੋਂ, ਏਕਤਾ ਦਾ ਫੜਿਆ ਸੀ ਇਸਨੇ ਬੁਹਾਰਾ ਏ।
ਉਤਮ ਤੋਂ ਉਤਮ ਤੇ ਸਚਾ ਸੁਚਾ ਪਿਆਰਾ ਪਿਆਰਾ, ਨਾਮਧਾਰੀ ਪੰਥ ਸਾਰੇ ਜਗ ਤੋਂ ਨਿਆਰਾ ਏ।

Namdhari Elibrary NamdhariElibrary@gmail.com

ਨਾਮਧਾਰੀ ਸ਼ਹੀਦਾਂ ਦੀ ਯਾਦ

[ਸ੍ਰ. ਤਿਰਲੋਚਨ ਸਿੰਘ ਜੀ ਪੰਜਾਬੀ ਸਾਹਿਤ ਸਭਾ ਅੰਮ੍ਰਿਤਸਰ

ਜੱਦ ਹਡੀ ਸੁਟੀ ਗਊ ਦੀ ਕਾਂ ਵਿੱਚ ਪ੍ਰਕਰਮਾਂ।
ਉਹ ਵੇਖੀ ਸਿੰਘਾਂ ਸੂਰਿਆਂ ਦਿਲ ਫਿਰ ਗਿਆ ਵਰਮਾ।
ਜਿਉ ਨਕਸ਼ਾ ਲੰਕਾ ਸ਼ਹਿਰ ਦਾ ਸੋਚੇ ਵਿਸ਼ਕਰਮਾਂ।
ਇਉਂ ਮੀਟਿੰਗ ਕੀਤੀ ਚਵਾਂ ਨੇ ਬਹਿਕੇ ਵਿਚ ਹਰਮਾਂ।
ਵੇਲੋ ਬੁਚੜ ਇਸਤਰ੍ਹਾਂ ਜਿਓਂ ਵਿਲਦਾ ਨਰਮਾਂ।
ਰਖੀਂ ਸਤਿਗੁਰ ਰਾਮ ਸਿੰਘ ਸਿੰਘਾਂ ਦੀਆਂ ਸ਼ਰਮਾਂ।

ਪ੍ਰਿਥਮ ਭਗੌਤੀ ਸਿਮਰ ਕੇ ਬੋਲੇ ਜੈਕਾਰੇ।
ਇਉਂ ਤਲਵਾਰਾਂ ਚਲੀਆਂ ਜਿਉਂ ਚਲਦੇ ਆਰੇ।
ਸੁਕੇ ਕੱਢਣ ਜਿਸਮ ਚੋਂ ਖੰਡੇ ਦੋ ਧਾਰੇ।
ਚਲਦੇ ਵਾਂਗਰ ਚਕਰਾਂ ਡਿਗਦੇ ਅੰਗਿਆਰੇ।
ਵਢੇ ਬੁਚੜ ਧਰਤ ਤੇ ਅੰਬਾਰ ਉਸਾਰੇ।
ਵਢਣ ਵਿਚ ਵਸਾਖ ਦੇ ਜਿਉਂ ਖੇਤ ਮੁਜਾਰੇ।
ਡਿਗਦੇ ਬੁਚੜ ਜ਼ਿਮੀਂ ਤੇ ਜਿਉਂ ਢਠਦੇ ਢਾਰੇ।
ਸੋਧੇ ਵੈਰੀ ਖਾਲਸੇ ਹੱਥ ਲਾ ਕਰਾਰੇ।

ਆਖਰ ਸੋਚਾਂ ਸੋਚੀਆਂ ਸਿੰਘਾਂ ਸ੍ਰਦਾਰਾਂ।
ਜਾਂ ਕੁਤਵਾਲੀ ਪੁਲਸ ਤੋਂ ਖੋਹੀਆਂ ਤਲਵਾਰਾਂ।
ਬੀਲ੍ਹਾ ਸਿੰਘ ਤੇ ਫਤੇ ਸਿੰਘ ਮਾਰਨ ਲਲਕਾਰਾਂ।
ਦਬੇ ਬੁਚੜ ਜਾ ਕੇ ਜਿਉ ਬਾਜ਼ ਗੁਟਾਰਾਂ।
ਚਲਣ ਵਾਂਗ ਫੁਹਾਰਿਆਂ ਲਾਸ਼ਾਂ ਚੋਂ ਧਾਰਾਂ।
ਇਉਂ ਮੌਤ ਵਿਆਹੀ ਖਾਲਸੇ ਜਗ ਤੁਰੀਆਂ ਵਾਰਾਂ।

ਲਹਿਣਾ ਸਿੰਘ ਲਲਕਾਰਕੇ ਚੰਡੀ ਚਮਕਾਈ।
ਹਾਕਮ ਸਿੰਘ ਨੇ ਆਪਣੀ ਤਾਕਤ ਅਜ਼ਮਾਈ।
ਉਹ ਬੁਚੜਖਾਨੇ ਫਿਰ ਗਏ ਜਿਉਂ ਪੂਣ ਸਲਾਈ।
ਪੁਣ ਪੁਣ ਪੀਵਣ ਰਤ ਨੂੰ ਕਲ ਅਰਸ਼ੋਂ ਆਈ।
ਹੋਈਆਂ ਲਾਲ ਭਗੌਤੀਆਂ ਮੂੰਹ ਸੁਰਖੀ ਲਾਈ।
ਜਿਉਂ ਲੋਹੜੀ ਵਿਚ ਕਵਾਰੀਆਂ ਹਥ ਮਹਿੰਦੀ ਲਾਈ।

ਨਾਮਧਾਰੀਏ ਜੰਗ ਵਿਚ ਨਾ ਥਿੜਕੇ ਡੋਲੇ।
ਵੇਖੀਆਂ ਗਊਆਂ ਜੂੜੀਆਂ ਹੋਏ ਅਗ ਬਗੋਲੇ।

ਉਨ੍ਹਾਂ ਸੌਂਪੇ ਬੁਚੜ ਇਸਤਰਾਂ ਟੋਲੇ ਦੇ ਟੋਲੇ ।
ਲਾਸ਼ਾਂ ਪਈਆਂ ਧਰਤ ਤੇ ਜਿਉਂ ਪਏ ਭੜੋਲੇ ।
ਕਈ ਮਾਰੇ ਗਭਰੂ ਕਰੜ ਝੱਟ ਕਈ ਬੁਢੇ ਖੋਲੇ ।
ਉਡੇ ਰੂਹ ਅਕਾਸ਼ ਨੂੰ ਛਡ ਚਲੀ ਚੋਲੇ ।
ਟੋਟੇ ਕਰਕੇ ਧੜਾਂ ਦੇ ਨੋਕਾਂ 'ਤੇ ਤੋਲੇ ।
ਗਿਰਝਾਂ ਫਿਰਦੀਆਂ ਇਸਤਰਾਂ ਜਿਉਂ ਫਿਰਨ ਵਿਚੋਲੇ ।
ਕੁਝ ਜੀ ਭਿਆਣੇ ਭਜ ਗਏ ਕੁਝ ਧਰਤੀ ਰੋਲੇ ।
ਬੁਚੜ ਕਹਿਣ 'ਕਲੇਰ' ਦੇ ਹਥ ਨਹੀਂ ਜੇ ਪੋਲੇ ।

ਸਭ ਕਢੇ ਬੁਚੜਖਾਨਿਓਂ ਗਊਆਂ ਤੇ ਵਛੇ ।
ਡਰਦੇ ਮਾਰੇ ਛੁਰੀ ਤੋਂ ਹਰਨਾਂ ਵਾਂਗ ਨਸੇ ।
ਕੁਝ ਰਹਿ ਗਏ ਬੁਚੜ ਸਾਹਕਦੇ ਦੰਨ੍ਹ ਮੁਸ਼ਕਾਂ ਕਸੇ ।
ਆਪ ਚਲੇ ਗਏ ਪਿੰਡਾਂ ਨੂੰ ਕੋਈ ਪਤਾ ਨਾ ਦਸੇ ।
ਸ਼ਰਨ ਗਏ ਸਤਿਗੁਰਾਂ ਦੀ ਗੁਰ ਖਿੜ ਖਿੜ ਹਸੇ ।
ਝੂਟੇ ਸਿੰਘੋ ਜਾ ਕੇ ਫਾਂਸੀ ਦੇ ਰਸੇ ।

ਤੁਰ ਪਏ ਸਿੰਘ ਪੰਜਾਬ ਨੂੰ ਕਰ ਵਡੇ ਜੇਰੇ ।
ਮੰਜ਼ਲੋ ਮੰਜ਼ਲੀ ਪਹੁੰਚ ਰਹੇ ਕਰ ਪੰਧ ਲੰਬੇਰੇ ।
ਹਾਜ਼ਰ ਹੋ ਗਏ ਆਕੇ ਉਹ ਆਪ ਸਵੇਰੇ ।
ਮੌਤ ਸਜਾਵਾਂ ਮਿਲ ਗਈਆਂ ਪਿਆ ਸ਼ੋਰ ਚੁਫੇਰੇ ।
ਹਥੀਂ ਆਪ 'ਕਲੇਰ' ਨੇ ਸੀ ਬਧੇ ਸੇਹਰੇ ।
ਉਨ੍ਹਾਂ ਮੌਤ ਵਿਆਹੀ ਆਣਕੇ ਤੇ ਲੈ ਲਏ ਫੇਰੇ ।

ਇਹ ਪੈਗਾਮ ਦੇਣਾ ਨਾਮਧਾਰੀਆਂ ਨੂੰ

(ਵਲੋਂ ਸੰਤ ਸੁੰਦ੍ਰ ਸਿੰਘ ਜੀ ਸੇਵਕ ਸੇਖਵਾਂ ਹਾਲ ਬੈਂਕੋਕ ਸਿਆਮ)

ਜਾਕੇ ਦੇਈਂ ਸੰਦੇਸ਼ਾ ਮੇਰਾ ਟਹਿਲ ਸਿੰਘਾ, ਮੇਰੀਆਂ ਸੰਗਤਾਂ ਪ੍ਰਾਣਾਂ ਤੋਂ ਪਿਆਰੀਆਂ ਨੂੰ ।
ਮੇਰਾ ਰੂਪ ਜਾਣੋ ਸਤਿਗੁਰੂ ਹਰੀ ਸਿੰਘ ਜੀ ਨੂੰ, ਇਹ ਪੈਗਾਮ ਦੇਣਾ ਨਾਮਧਾਰੀਆਂ ਨੂੰ ।
ਜੇਹੜਾ ਬਚਨ ਮੰਨੇ ਓਹੋ ਸੁਖ ਪਾਵੇ, ਅਤੇ ਪਾਵੇਗਾ ਬਰਕਤਾਂ ਸਾਰੀਆਂ ਨੂੰ ।
ਬਾਣਾਂ ਗੁਰਮੁਖਾਂ ਦਾ ਜੋ ਮੈਂ ਦਸਿਆ ਹੈ, ਮਨੋ ਛਡਣਾ ਸਭ ਬੁਰਿਆਰੀਆਂ ਨੂੰ ।
ਭਜਨ ਪੁਛਕੇ ਜੇਹੜਾ ਹੈ ਨਹੀਂ ਕਰਦਾ, ਉਹ ਪਾਵੇਗਾ ਬਹੁਤ ਖੁਆਰੀਆਂ ਨੂੰ ।
ਨਾਮ ਦਾਨ ਅਸ਼ਨਾਨ ਨਿਤਨੇਮ ਕਰਨਾ, ਇਹ ਸੰਦੇਸ਼ ਦੇਣਾ ਨਰ ਨਾਰੀਆਂ ਨੂੰ ।
ਇਸ ਦੇਹ ਵਿਚ ਫੇਰ ਮੈਂ ਆਵਣਾ ਹੈ, ਸਭ ਮੰਨਣਾ ਕੌਲ ਕਰਾਰੀਆਂ ਨੂੰ ।
ਸਿਖੀ ਹਰੀ ਰਖਨ ਸਤਿਗੁਰੂ ਹਰੀ ਸਿੰਘ ਜੀ, 'ਸੇਵਕ' ਪੰਥ ਰੂਪੀ ਇਹਨਾਂ ਕਿਆਰੀਆਂ ਨੂੰ ।

ਧੰਨ ਸਤਿਗੁਰੂ ਹਰੀ ਸਿੰਘ ਜੀ

[ਸੰਤ ਬਿਸ਼ਨ ਸਿੰਘ ਜੀ ਹਿਸਟੋਰੀਅਨ ਨੰਗਲ

ਪੰਜ ਸਾਖੀਆਂ

–੧–

ਮਾਈ ਪਰਤਾਪ ਕੌਰ ਦੇ ਪੰਜ ਪੁਤਰ ਜਨਮੇ। ਸੁਹਣੇ, ਸੁਣੱਖੇ ਤੇ ਚੰਨ ਪਿਆਰੇ। ਪਰ ਥੋੜ੍ਹੇ ਚਿਰ ਦੇ ਹੋ ਕੇ ਗੁਜ਼ਰ ਜਾਂਦੇ ਰਹੇ। ਰੱਖਾਂ, ਤਵੀਤ, ਧਾਗੇ ਕਈ ਪਰਕਾਰ ਦੇ ਕੀਤੇ। ਛੇਵਾਂ ਬੱਚਾ ਵੀ ਸਵਾ ਮਹੀਨਾ ਜੀਉ ਕੇ ਚਲਾ ਗਿਆ। ਸਤਵੇਂ ਬਚੇ ਦੀ ਉਡੀਕ ਸੀ। ਜਨਮਣ ਦੇ ਦਿਨ ਨੇੜੇ ਸਨ। ਮਨ ਨੂੰ ਝੋਰਾ ਸੀ–ਏਹ ਵੀ ਕੇਹੜਾ ਜੀਵੇਗਾ।

ਸਤਿਗੁਰੂ ਹਰੀ ਸਿੰਘ ਜੀ ਦੇ ਜੱਸ ਦੀਆਂ ਕਿਰਨਾਂ ਪ੍ਰਤਾਪ ਕੌਰ ਤੇ ਵੀ ਪਈਆਂ। ਸ਼ੋਭਾ ਸੁਣੀ। ਆਸ ਬੱਝੀ। ਮਨ ਵਿੱਚ ਅਤੀ ਅਧੀਨ ਹੋ ਅਰਦਾਸ ਕੀਤੀ–ਜੇ ਬਾਲਕ ਹੋਵੇ ਤੇ ਜੀਉਂਦਾ ਰਹੇ ਤਾਂ ਸਵਾ ਮਹੀਨੇ ਦੇ ਨੂੰ ਲੈਕੇ ਸਤਿਗੁਰਾਂ ਦੇ ਚਰਨਾਂ ਵਿੱਚ ਹਾਜ਼ਰ ਹੋਵਾਂ। ਉਹਨਾਂ ਦੇ ਚਰਨਾਂ ਦਾ ਜਲ ਲੈਕੇ ਬਾਲਕ ਦੇ ਮੂੰਹ ਪਾਵਾਂ।

ਸਵਾ ਮਹੀਨੇ ਦਾ ਬਾਲ ਲੈਕੇ ਮਾਈ ਪ੍ਰਤਾਪ ਕੌਰ ਭੈਣੀ ਸਾਹਿਬ ਗਈ। ਗੁਰੂ ਹਰੀ ਸਿੰਘ ਜੀ ਚੌਕੀ ਤੇ ਇਸ਼ਨਾਨ ਕਰ ਰਹੇ ਸਨ। ਬੱਚਾ ਚੌਕੀ ਹੇਠ ਰੱਖ ਕੇ, ਹਥ ਜੋੜਕੇ, ਮਾਤਾ ਜੀਊਣ ਕੌਰ ਦੇ ਓਹਲੇ ਹੋਕੇ, ਪਰੇਮ ਤੇ ਸ਼ਰਧਾ ਭਰੇ ਦਿਲ ਨਾਲ ਖਲੋ ਗਈ। ਸਤਿਗੁਰਾਂ ਦੇ ਸਰੀਰ ਤੋਂ ਤਿਲਕਦਾ ਪਾਣੀ ਬਚੇ ਦੇ ਜਿੰਨਾ ਕੁ ਮੂੰਹ ਤੇ ਪੈਂਦਾ, ਉਹ ਚੂਸ ਲੈਂਦਾ।

ਇਸ਼ਨਾਨ ਕਰਕੇ ਸਤਿਗੁਰੂ ਜੀ ਨੇ ਪਊਏ ਪਾਏ ਜਾਂ ਚੌਕੀ ਹੇਠ ਨਜ਼ਰ ਪਈ ਤਾਂ ਸਤਿਗੁਰਾਂ ਬਚਨ ਕੀਤਾ–ਜਗ ਜੀਉਣਾ, ਭਾਗਾਂ ਵਾਲਾ ਬੱਚਾ, ਚੁਕੋ ਕੀਹਦਾ ਹੈ। ਵਾਕ ਸੁਣਕੇ ਨਮਸਕਾਰ ਕਰਕੇ ਮਾਈ ਪ੍ਰਤਾਪ ਕੌਰ ਨੇ ਬਚੇ ਨੂੰ ਚੁਕਕੇ ਗਲ ਨਾਲ ਲਾ ਲਿਆ। ਟੂਣੇ ਧਾਗੇ ਤਵੀਤਾਂ ਦਾ ਤਿਆਗ ਕਰਕੇ ਮਾਈ ਗੁਰੂ ਚਰਨਾਂ ਦੀ ਪਰੇਮਣ ਹੋ ਗਈ। ਕਾਕੇ ਦਾ ਨਾਮ ਜਗਤ ਸਿੰਘ ਰਖਿਆ।

ਉਸ ਪਰਵਾਰ ਵਿੱਚ, ਸਤਿਗੁਰੂ ਜੀ ਦਾ ਲਾਇਆ ਬੂਟਾ ਅਜ ਵੀ ਹਰਾ ਭਰਾ ਹੈ। ਇਸ ਪਰਵਾਰ ਦਾ ਪਿੰਡ ਛਪਾਰ ਤੇ ਜਿਲਾ ਲੁਦਿਹਾਣਾ ਹੈ।

–੨–

ਢੋਲਾਂ ਤੇ ਡੱਗੇ ਲਾਂਦਾ, ਛੜੱਪੇ–ਛਾਲਾਂ ਮਾਰਦਾ ਬਾਜੀਗਰਾਂ ਦਾ ਇਕ ਗ੍ਰੋਹ ਸ੍ਰੀ ਭੈਣੀ ਸਾਹਿਬ ਦੇ ਡੇਰੇ ਆ ਗਿਆ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰਕੇ ਬਾਜੀਗਰ ਨਿਹਾਲ ਹੋਏ।

"ਕੀ ਛਕੋਗੇ?" ਸਤਿਗੁਰੂ ਜੀ ਨੇ ਵਿਗਸ ਕੇ ਪੁਛਿਆ।

"ਮੋਤੀਆਂ ਵਾਲਿਓ, ਤੁਹਾਡੇ ਘਰੋਂ ਤਿਹਾਉਲ ਦੇ ਕੜਾਹ ਬਿਨਾ ਕੀ ਮੰਗੀਏ।" ਬਜ਼ੁਰਗ ਬਾਜ਼ੀਗਰ ਨੇ ਹੱਥ ਜੋੜ ਕੇ ਅਰਜ਼ ਕੀਤੀ।

"ਲਾਂਗਰੀਆਂ ਨੂੰ ਕਹੋ ਕੜਾਹ ਪ੍ਰਸ਼ਾਦ ਤਿਆਰ ਕਰਨ ਤੇ ਇਹਨਾਂ ਨੂੰ ਰੱਜ ਰੱਜ ਖੁਆਣ।" ਸਤਿਗੁਰਾਂ ਪਾਸ ਖਲੋਤੇ ਸਰੀਰ ਨੂੰ ਹੁਕਮ ਦਿਤਾ।

ਪੰਜ–ਚਾਰ ਸੌ ਦੇ ਕਰੀਬ ਬਾਜੀਗਰ ਇਸਤਰੀ–ਮਰਦ ਪੰਗਤਾਂ ਲਾਕੇ ਬੈਠ ਗਏ।

ਕੁਝ ਸਮੇ ਪਿਛੋਂ ਲੰਗਰ ਵਲੋਂ ਸਿੰਘ ਆਏ। ਉਹਨਾਂ,ਅੱਗੇ ਬੈਠੇ ਮੁਖੀਆਂ ਦੇ ਹੱਥਾਂ ਤੇ ਜਾਣ ਮਿਠਾ ਦਲੀਆ ਰਖਣਾ ਚਾਹਿਆ ਤਾਂ ਬਾਜੀਗਰਾਂ ਹੱਥ ਪਿਛਾਂਹ ਕਰ ਲਏ। ਦਲੀਆ ਭੁੰਜੇ ਖਿਲਰ ਗਿਆ। ਵਰਤਾਵੇ ਨੂੰ ਬੇਥਾਹ ਗੁੱਸਾ ਆ ਗਿਆ। ਤਿੰਨ ਲੱਤਾਂ ਬਾਜ਼ੀਗਰ ਨੂੰ ਜੜ ਘੱਤੀਆਂ। ਬਾਜ਼ੀਗਰ

ਕਹਿ ਰਿਹਾ ਸੀ:

"ਵਾਹ ਗੁਰੂਆ ਮੰਗਿਆ ਕੜਾਹ, ਤੇ ਮਿਲੀਆਂ ਲੱਤਾਂ।"

ਏਨੇ ਨੂੰ ਅੰਤਰਜਾਮੀ ਆ ਗਏ। ਬਾਜੀਗਰਾਂ ਦੀ ਬੇਨਤੀ ਸੁਣੀ। ਆਪਣੀ ਪਿੱਠ ਤੋਂ ਕਪੜਾ ਚੁਕ ਕੇ ਸਤਿਗੁਰਾਂ ਪਾਸ ਖਲੋਤਿਆਂ ਨੂੰ ਵਖਾਇਆ ਕਿ ਲੱਤਾਂ ਉਹਨਾਂ ਦੀ ਪਿੱਠ ਤੇ ਪਈਆਂ ਹਨ।

ਕੰਜੂਸ ਪ੍ਰਬੰਧਕਾਂ ਨੂੰ ਦੋਬਾਰਾ ਕੜਾਹ ਪ੍ਰਸ਼ਾਦ ਕਰਨਾ ਪਿਆ। ਸਤਿਗੁਰਾਂ ਬਚਨ ਕੀਤਾ-"ਲਾਂਗ੍ਰੀ ਤੇ ਵਰਤਾਵੇ ਛਕਾਣ ਵਾਲਿਆਂ ਨੂੰ ਗੁਰੂ ਰੂਪ ਜਾਣ ਕੇ ਪ੍ਰਸ਼ਾਦ ਛਕਾਇਆ ਕਰਨ।" ਪ੍ਰਬੰਧਕਾਂ, ਲਾਂਗ-ਰੀਆਂ ਤੇ ਵਰਤਾਵਿਆਂ ਬਖਸ਼ ਮੰਗੀ।

ਕੌਤਕ ਵੇਖਕੇ ਬਾਜੀਗਰਾਂ ਤੇ ਸਿਰਕੀ ਵਾਸਾਂ ਨੇ ਭਜਨ ਪੁਛਕੇ ਅੰਮ੍ਰਿਤ ਛਕਿਆ, ਚੋਰੀਆਂ ਤਿਆਗ ਕੇ ਗੁਰ ਚਰਨਾਂ ਦੇ ਭੌਰੇ ਬਣੇ।

—੩—

ਇਕ ਸਮੇਂ ਗੁਰੂ ਹਰੀ ਸਿੰਘ ਜੀ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਬੈਠੇ ਸ਼ੋਭਾ ਪਾ ਰਹੇ ਸਨ। ਇਕ ਸਰੀਰ ਨੇ ਜਾਕੇ ਨਮਸਕਾਰ ਕੀਤੀ। ਅਰਜ਼ ਕੀਤੀ—ਜੀ, ਮੈਨੂੰ ਨਾਮ ਦਾਨ ਬਖਸ਼ੋ। ਆਪਣਾ ਬਣਾ ਲਓ।

ਸਾਹਿਬਾਂ ਕੋਮਲ ਅਵਾਜ਼ ਵਿੱਚ ਪੁਛ ਕੀਤੀ ਸਿਖਾ, ਕੀ ਕੰਮ ਕਰਦਾ ਹੁੰਦਾ ਏਂ?

"ਜੀ, ਕਪੜੇ ਧੋ ਕੇ ਗੁਜ਼ਾਰਾ ਕਰਦਾ ਹਾਂ, ਛੀਂਬਾ ਸਿੱਖ ਹਾਂ।" ਗੁਰਾਂ ਬਚਨ ਕੀਤਾ—ਭਾਈ ਕਪੜੇ ਨਹੀਂ ਧੋਣੇ। ਅੰਮ੍ਰਿਤ ਛਕ ਲੈ, ਨਾਮ ਲੈ ਲੈ।

"ਜੀ ਫਿਰ ਕੇਹੜਾ ਕੰਮ ਕਰਾਂ, ਦੀਨ ਦਿਆਲ! ਪਰਵਾਰ ਦੀ ਉਦਰ ਪੂਰਨਾ ਕਿਵੇਂ ਕਰਾਂ?"

"ਜੇਹੜਾ ਕੰਮ ਕਰੋਗੇ ਉਹੀ ਆਵੇਗਾ।"

ਸਿਖ ਨੇ ਅੰਮ੍ਰਿਤ ਛਕ ਲਿਆ। ਨਾਮਧਾਰੀ ਸਜ ਗਿਆ। ਠਠਿਆਰਾ, ਲੁਹਾਰਾ, ਸੁਨਿਆਰਾ ਕੰਮ ਕਰਨ ਲਗਾ। ਲੋਕਾਂ ਦੇ ਕਪੜੇ ਧੋਣੇ ਛਡ ਦਿਤੇ।

ਇਸ ਵੇਲੇ ਉਸ ਦਾ ਪਰਵਾਰ ਸਿਲਾਈ ਮਸ਼ੀਨਾਂ ਦੀ ਮੁਰੰਮਤ ਤੇ ਨਵੀਆਂ ਤਿਆਰ ਕਰਦਾ ਹੈ। ਘੜੀ ਸਾਜ਼ੀ ਤੋਂ ਉਦਰ ਪੂਰਨਾ ਕਰਦਾ ਹੈ। ਜੋ ਵੀ ਕੰਮ ਕਰਦਾ ਹੈ—ਉਸ ਚੋਂ ਹੀ ਨਫਾ ਤੇ ਮਾਣ ਹਾਸਲ ਹੁੰਦਾ ਹੈ। ਏਹ ਪਰਵਾਰ ਬਾਬਾ ਕਾਹਲਾ ਸਿੰਘ ਜੀ ਗਿਆਨੀ ਨੰਗਲ ਨਿਵਾਸੀ ਦਾ ਹੈ।

—੪—

ਉਟਾਲਾਂ ਦੇ ਇਕ ਮਿਸਤਰੀ ਸਿੰਘ ਦੇ ਸਰੀਰ ਵਿੱਚ ਪੀੜਾਂ ਦੀ ਅਜੇਹੀ ਲਹਿਰ ਦੌੜਦੀ ਸੀ, ਜੋ ਸਰੀਰ ਲੈਣ ਤਕ ਅਪੜਦੀ ਸੀ। ਵੈਦਾਂ ਹਕੀਮਾਂ ਤੋਂ ਇਲਾਜ ਕਰਵਾਏ। ਕੁਝ ਬਣਦਾ ਨਹੀਂ ਸੀ। ਦਰਦਾਂ ਨਿਤ ਦਿਹਾੜੇ ਵਧਦੀਆਂ ਹੀ ਜਾਂਦੀਆਂ।

ਮਿਸਤਰੀ ਪਰਵਾਰ ਆਪਣੇ ਮੋਢੀ ਨੂੰ ਨਾਲ ਲੈਕੇ ਗੁਰੂ ਹਰੀ ਸਿੰਘ ਜੀ ਦੀ ਸ਼ਰਨੀਂ ਆਇਆ। ਅਰਜ਼ ਕੀਤੀ—ਸਰੀਰ ਬੜਾ ਦੁਖੀ ਹੈ। ਕਿਰਪਾ ਕਰੋ। ਕਸ਼ਟ ਕਟੋ।

ਗੁਰੂ ਹਰੀ ਸਿੰਘ ਜੀ ਬਚਨ ਕੀਤਾ—ਗੁਰੂ ਨਿੰਦਾ ਕਰਨ ਤੋਂ ਹੀ ਸਰੀਰ ਦੁਖੀ ਹੁੰਦਾ ਹੈ। ਹੁਣ ਕਦੇ ਨਿੰਦਾ ਨਾ ਕਰਨੀ।

ਮਿਸਤਰੀ ਜੀ ਨੇ ਹਕੀਕਤ ਦੱਸੀ—ਦੀਨ ਦਿਆਲ, ਮੈਂ ਨਿੰਦਾ ਤਾਂ ਨਹੀਂ ਕੀਤੀ! ਗੁਰ ਨਿੰਦਕਾਂ ਦਾ ਸੰਗੀ ਰਿਹਾ ਹਾਂ। ਉਹਨਾਂ ਤੋਂ ਨਿੰਦਾ ਕੰਨੀਂ ਪੈ ਜਾਂਦੀ ਸੀ। ਅਗੋਂ ਤੋਂ ਐਸਾ ਨਹੀਂ ਕਰਾਂਗਾ। ਸੇਵਕ ਰਹਾਂਗਾ।

ਸਤਿਗੁਰੂ ਜੀ ਵਿਚਾਰ ਮਗਨ ਸਨ।

ਮਿਸਤਰੀ ਜੀ ਨੇ ਫੇਰ ਤਰਲਾ ਲਿਆ—ਦੀਨਾ ਨਾਥ, ਸੁਖ ਸੰਪਤ ਤੇ ਆਪਣੇ ਚਰਨਾਂ ਨਾਲ ਪਿਆਰ ਬਖਸ਼ੋ।

ਕਿਰਪਾ ਨਿਧਾਨ ਵਿਗਸੇ। ਬਚਨ ਕੀਤੋ ਨੇ—ਸਭੋ ਕੁਝ ਆਪ ਦੇ ਘਰ।

ਦਰਦਾਂ ਹਟ ਗਈਆਂ। ਕਿਰਤ ਵਿਚ ਬਰਕਤ

Namdhari Elibrary NamdhariElibrary@gmail.com

ਪਈ। ਅਜ ਉਸ ਪਰਵਾਰ ਚੋਂ ਸੰਤ ਕਰਤਾਰ ਸਿੰਘ ਜੀ ਸੋਖੀ ਦਿੱਲੀ ਤੇ ਉਹਨਾਂ ਦੇ ਭਾਈ ਗੁਰੂ ਚਰਨਾਂ ਦੇ ਭੌਰੇ ਬਣ ਚਰਨ-ਕੰਵਲਾਂ ਤੇ ਮੰਡਰਾ ਰਹੇ ਹਨ।

-੫-

ਇਕ ਵਾਰ ਲੋਹੜੀ-ਮਾਘੀ ਨੂੰ ਭਾਗ ਲਾਣ ਲਈ ਸ੍ਰੀ ਗੁਰੂ ਹਰੀ ਸਿੰਘ ਜੀ ਮੁਕਤਸਰ ਪਹੁੰਚੇ। ਬੇਅੰਤ ਸੰਗਤ ਦਰਸ਼ਨਾਂ ਨੂੰ ਆਈ। ਕਹਿੰਦੇ ਨੇ ਇਸ ਸਾਲ ਏਥੇ ੭੦੦ ਗ੍ਰੰਥ ਸਾਹਿਬਾਂ ਦੇ ਪਾਠਾਂ ਦੇ ਭੋਗ ਪਏ। ੯੦੦) ਦਾ ਕੜਾਹ ਪ੍ਰਸਾਦ ਬਣਾਇਆ ਗਿਆ। ਮੇਲੇ ਵਿੱਚ ਜੁੜੇ ਸਾਰੇ ਲੋਕਾਂ ਡੰਝਾਂ ਲਾਹੀਆਂ।। ਡੇਰਿਆਂ ਵਿੱਚ ਵੀ ਪ੍ਰਸ਼ਾਦ ਭੇਜਿਆ। ਲੋਕ ਧੰਨ ਗੁਰੂਹਰੀਸਿੰਘ ਧੰਨ ਗੁਰੂ ਹਰੀਸਿੰਘ ਕਰਦੇ ਜਾਣ। ਏਥੇ ਇਕ ਹਜ਼ਾਰ ਬੌਰੀਆਂ ਨੇ ਮਾਸ ਤੇ ਸ਼ਰਾਬ ਛਡਕੇ ਭਜਨ ਪੁਛਿਆ। ਸਤਿਗੁਰੂ ਜੀ ਨੇ ਇਹਨਾਂ ਦਾ ਆਗੂ ਮਹੰਤ ਹਰੀ ਸਿੰਘ ਨੂੰ ਬਣਾਇਆ। ਲਾਲ ਤੋਂ ਚਿਟਾ ਸਫੇਦ ਨਿਸ਼ਾਨ ਝੁਲਾਣ ਨੂੰ ਦਿਤਾ। ਇਹ ਲੋਕ ਗੁਰਮੁਖੀ ਦੇ ਵਾਕਫ ਹੋਏ ਤੇ ਗੁਰਬਾਣੀ ਪੜਨ ਲਗੇ।

ਪਿੰਡ ਉਜ਼ਾਂਗ ਵਿੱਚ ਇਹਨਾਂ ਗੁਰੂ ਹਰੀ ਸਿੰਘ ਜੀ ਦੀ ਯਾਦਗਾਰ ਕਾਇਮ ਕੀਤੀ।

ਬੌਰੀਆਂ ਨੂੰ ਗੁਰੂ ਹਰੀ ਸਿੰਘ ਜੀ ਨੇ ਵੱਸ ਕੀਤਾ ਤੇ ਸਾਊ ਬਣਾਦਿਆ।

ਧੰਨ ਸਤਿਗੁਰ ਹਰੀ ਸਿੰਘ

[ਸ਼ਿੰਗਾਰਾ ਸਿੰਘ ਜੀ ਸ਼ਿੰਗਾਰ ਮੰਤ ਨਗਰ

[ਇਹ ਉਸ ਵੇਲੇ ਦੀ ਕਲਪਣਾ ਹੈ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਨ ਦੇ ਇਰਾਦੇ ਨਾਲ ਗ੍ਰਿਫਤਾਰ ਕਰਕੇ ਇਲਾਹਾ ਬਾਦ ਲਈ ਰੇਲ ਤੇ ਚੜ੍ਹਾਇਆ ਗਿਆ]

ਯੱਸੂ ਮੱਸੀ ਦੀ ਆਤਮਾ ਤੜਪ ਉਠੀ, ਮੇਰੀ ਕੌਮ ਇਹ ਜ਼ੁਲਮ ਕਮਾ ਲਿਆ ਏ।
ਜਿਦ੍ਹਾ ਆਸਰਾ ਜ਼ਿੰਦਗੀ ਰਖਦੀ ਸੀ, ਉਹਨੂੰ ਜਾਣ ਬੰਦਾ ਹਥ ਪਾ ਲਿਆ ਏ।
ਇਹਨਾਂ ਕਦੀ ਨਹੀਂ ਹਿੰਦ ਵਿਚ ਰਹਿ ਸਕਣਾ, ਸਾਹਵੇਂ ਹਥ ਖੁਦਾ ਦੇ ਚਾ ਲਿਆ ਏ।
ਤੁਸੀਂ, ਮੂਰਖੋ! ਵਕਤ ਨਹੀਂ ਵੇਖ ਸਕੇ. ਮਤ ਮਾਰੀ ਗਈ ਪਾਸਾ ਉਲਟਾ ਲਿਆ ਏ।
ਹਿੰਦੁਸਤਾਨ ਵਿਚੋਂ ਜਦੋਂ ਕੂਚ ਕੀਤਾ, ਗੋਰੇ ਮਥੇ ਤੇ ਹਥ ਟਿਕਾ ਲਿਆ ਏ।
ਅਸਾਂ ਜ਼ੁਲਮ ਕੀਤਾ ਧਰਮੀ ਆਸ਼ਕਾਂ ਤੇ, ਹੁਣ ਪਰ ਕੀਤੀ ਦਾ ਹੀ ਫਲ ਪਾ ਲਿਆ ਏ।
ਬਾਵਜੂਦ ਸ਼ਾਹੀ ਤਾਕਤ ਹੁੰਦਿਆਂ ਵੀ ਇਕ ਪਲਕ ਵਿਚ ਡੇਰਾ ਉਠਾ ਲਿਆ ਏ।
ਗਈ ਪੇਸ਼ ਨਾ ਸ਼ੇਖੀਆਂ ਘੁਸੜ ਗਈਆਂ, ਭਾਰਤ ਐਵੇਂ ਹੀ ਹਥੋਂ ਗਵਾ ਲਿਆ ਏ।
ਫੁਟਲ ਨੀਤ ਸਾਡੀ ਸਾਡੇ ਆਈ ਅਗੇ, ਧਰਮ ਕਰਮ ਸਾਰੇ ਅਸੀਂ ਭੁਲ ਗਏ ਸੀ।
ਸਾਨੂੰ ਹਿੰਦੀਆਂ ਨੇ ਮਜਬੂਰ ਕੀਤਾ, ਅਸੀਂ ਪਾਪੀ ਸਾਂ ਪਾਪਾਂ ਤੇ ਤੁਲ ਗਏ ਸੀ।
ਸਾਨੂੰ ਬਿਪਤ ਦੇ ਮੂੰਹ ਵਿਚ ਆਪ ਦੇ ਕੇ, ਸਾਥੀ ਸਾਡੇ ਹੀ ਦੂਰ ਹੋ ਕੁਲ ਗਏ ਸੀ।
ਆਹ! ਹਥ ਖੁਦਾ ਨੂੰ ਜਦੋਂ ਪਾਇਆ, ਦੀਵੇ ਅਸਾਂ ਦੇ ਹੋਂਵਦੇ ਗੁਲ ਗਏ ਸੀ।
ਰਾਮਚੰਦ ਤੋਂ ਪਿਆ ਸੀ ਖੈਰ ਸਾਨੂੰ, ਰਾਮ ਸਿੰਘ ਤੋਂ ਅਸੀਂ ਬਰਬਾਦ ਹੋ ਗਏ।
ਨਿਗ੍ਹਾ ਨਾਲ ਇਸਨੇ ਜਿਸਨੂੰ ਫੂਕ ਦਿਤਾ, ਏਸ ਜਗ 'ਚ ਬੇ-ਅਬਾਦ ਹੋ ਗਏ।
ਅਰਸ਼ੋਂ ਫਰਸ਼ ਤੇ ਅਸੀਂ ਹੁਣ ਡਿਗ ਪਏ ਹਾਂ, ਛੁਰੇ ਪਕੜ ਦੁਆਲੇ ਸੱਯਾਦ ਹੋ ਗਏ।
ਸਾਡਾ ਰਾਜ ਸਮਾਜ ਸਭ ਸੁੰਗੜੇ ਹੁਣ, ਕਰਮ ਭ੍ਰਸ਼ਟ ਸਭ ਰੂਪ ਨਖਾਦ ਹੋ ਗਏ।
ਟਿਕ ਗਈ ਕੂੜੇ ਦੀ ਟੋਕਰੀ ਫੇਰ ਸਿਰਤੇ, ਏਹ ਟੌਪ ਹਕੂਮਤੀ ਲਭਣਾ ਨਹੀਂ।
ਕਰੀਏ ਜੁਗਾਂ ਪਰਯੰਤ 'ਸ਼ਿੰਗਾਰ' ਬੇਸ਼ਕ, ਨਹੀਂ ਲਹਿਣਾ ਕਲੰਕ ਤੇ ਫਬਣਾ ਨਹੀਂ।

ਚੀਨੀ ਵਾਲੇ ਦਾ ਆਗਮਨ

[ਮਾਸਟਰ ਅਮਰੀਕ ਸਿੰਘ ਜੀ ਅੰਮਰਾਸਰ ਵਡਾ

ਜਦੋਂ ਸ਼ੇਰੇ ਪੰਜਾਬ ਸਿਧਾਰ ਗਏ, ਰਾਜ ਖਾਲਸੇ ਵਿਚ ਆ ਫੁਟ ਪਈ।
ਜੜ੍ਹ ਲਗੀ ਸੀ ਜੋ ਪਤਾਲ ਅੰਦਰ, ਹਥੀਂ ਆਪਣੀ ਖਾਲਸੇ ਪੁਟ ਲਈ।
ਕਰਮ ਆਪਣੇ ਛਡ ਕੁਕਰਮ ਫੜ ਲਏ, ਸਿਖੀ ਧਰਮ ਉਤੋਂ ਸ਼ਰਧਾ ਟੁਟ ਗਈ।
ਛਡੀ ਰਹਿਤ ਮਰਯਾਦਾ ਤੇ ਬਣੇ ਪਾਮਰ, ਕੰਨੀ ਸ਼ਰਮ ਵਾਲੀ ਹਥੋਂ ਛੁਟ ਗਈ।
ਪੀਂਦੇ ਮਦਾਂ ਨਚਾਂਵਦੇ ਰੰਡੀਆਂ ਨੂੰ, ਸਿਖੀ ਵਾਲਾ ਦੀਵਾਲਾ ਚਾ ਕਢਿਓ ਨੇ।
ਬਣ ਕੇ ਵਾੜ ਉਜਾੜਿਆ ਖੇਤ ਆਪੇ, ਫਸਤਾ ਅਪਨੀ ਅਕਲ ਦਾ ਵਢਿਓ ਨੇ।
ਚੋਰ ਚੌਧਰੀ ਗੁੰਡੀ ਪਰਧਾਨ ਬਣੀ, ਭਲੇ ਮਾਣਸਾਂ ਦਾ ਸਿਰ ਵਢਿਓ ਨੇ।
ਰਈਅਤ ਵਿਗੜੀ ਤੇ ਹੋਏ ਕਸੂਤ ਰਾਜੇ, ਨੰਦੂ ਉਕਾ ਚਾ ਅਕਲਦਾਕਢਿਓ ਨੇ।
ਇਕ ਬਣੇ ਰਾਜਾ ਦੂਜਾ ਵਢ ਸੁਟੇ, ਜਿਨੂੰ ਪੁਛੋ ਉਹ ਆਖੇ ਸਰਦਾਰ ਹਾਂ ਮੈਂ।
ਗੰਗੂ ਭਾਗੂ ਵੀ ਉਠ ਕੇ ਕਹਿਨ ਲਗੇ, ਰਾਜ ਖਾਲਸੇ ਦਾ ਹਕਦਾਰ ਹਾਂ ਮੈਂ।
ਤਿੱਤਰ ਬਿੱਤਰ ਹੋ ਖਾਲਸਾ ਫੌਜ ਗਈ, ਆਖੇ ਹਰ ਕੋਈ ਸੂਬੇਦਾਰ ਹਾਂ ਮੈਂ।
ਆਖੇ ਹਰ ਕੋਈ ਚੌਧਰ ਰਹੇ ਮੇਰੀ, ਦਸੋ ਕੌਣ ਆਖੇ ਸੇਵਾਦਾਰ ਹਾਂ ਮੈਂ।
ਏਸੇ ਤਾੜ ਵਿਚ ਸੀ ਅੰਗਰੇਜ਼ ਬੈਠਾ, ਇਹਨਾਂ ਦਿਨਾਂ ਨੂੰ ਚਿਰਾਂਤੋਂ ਲੋਚਦਾ ਸੀ।
ਮੌਕਾ ਮਿਲੇ ਤਾਂ ਕਰਾਂ ਪੰਜਾਬ ਕਬਜੇ, ਸੋਚ ਹਰ ਵੇਲੇ ਏਹੋ ਸੋਚਦਾ ਸੀ।
ਕਠੇ ਰਹੇ ਤਾਂ ਫਤਿਹ ਹੈ ਬਹੁਤ ਔਖੀ, ਦਿਲ ਵਿਚ ਗੀਟੀਆਂ ਗਿਣ ਗਿਣ ਬੋਚਦਾ ਸੀ।
ਸਿਖ ਪਾਟੇ ਤੇ ਬਿੱਲੇ ਦੀ ਆਸ ਪੁੰਨੀ, ਪੂਰਾ ਹੋ ਗਿਆ ਜੋ ਕੁਝ ਸੋਚਦਾ ਸੀ।
ਸੁੰਨਾਂ ਵੇਖਿਆ ਤਖਤ ਲਾਹੌਰ ਜਦੋਂ, ਲੀਤਾ ਕਰ ਕਬਜ਼ਾ ਇਕ ਪੱਲ ਦੇ ਵਿਚ।
ਹੈਸਨ ਅਜੇ ਅਜ਼ਾਦ ਪੰਜਾਬ ਵਾਸੀ, ਪਾਇਆ ਤੌਕ ਗੁਲਾਮੀ ਦਾ ਗਲ ਦੇ ਵਿਚ।
ਰਾਣੀ ਜਿੰਦਾਂ ਦਲੀਪ ਨੂੰ ਕੈਦ ਕਰਕੇ, ਭਾਜੜ ਪਾਈ ਚਾ ਖਾਲਸਾ ਦਲ ਦੇ ਵਿੱਚ।
ਕਹਿਕੇ, ਹੈ ਦਲੀਪ ਅੰਜਾਨ ਅਜੇ, ਦੇਸ਼ ਕਰ ਲਿਆ ਅਪਨੀ ਮੱਲ ਦੇ ਵਿੱਚ।
ਲੁਟੀ ਗਈ ਜਾਂ ਸ਼ਾਨ ਪੰਜਾਬੀਆਂ ਦੀ, ਹੈਂਕੜ ਅਪਨੀ ਗੋਰਾ ਵਿਖਾਉਣ ਲਗਾ।
ਗਊ ਘਾਤ ਦੀ ਸਜ਼ਾ ਸੀ ਮੌਤ ਜਿੱਥੇ, ਹੁਕਮ ਅਪਨੇ ਨਾਲ ਮਰਵਾਉਣ ਲਗਾ।
ਵਿਚ ਤੀਰਥੀਂ ਖੁਲ ਗਏ ਜ਼ਿਬਹ ਖਾਨੇ, ਵੇਖੋ ਜ਼ੁਲਮ ਕਹ ਜਾਲਮ ਕਮਾਉਣ ਲਗਾ।
ਜੇਹੜੀ ਸੌਂਹ ਸੀ ਹਿੰਦੂਆਂ ਮੁਸਲਮਾਨਾਂ, ਜੋਰ ਆਪਨੇ ਨਾਲ ਭਨਾਉਣ ਲਗਾ।
ਐਸੀ ਘੋਰ ਹਨੇਰ ਦੀ ਰਾਤ ਵਿੱਚੋਂ, ਰਬੀ ਜੋਤ ਨੇ ਆਨ ਪ੍ਰਕਾਸ਼ ਕੀਤਾ।
ਭਾਗ ਲਗੇ ਪੰਜਾਬ ਦੀ ਧਰਤ ਤਾਂਈ, ਜਿਥੇ ਚੀਨੀ ਅਸਵਾਰ ਨਿਵਾਸ ਕੀਤਾ।
ਓਸ ਜੋਤ ਨੇ ਆਖਿਆ ਜਗਤ ਤਾਂਈ, ਕਾਹਨੂ ਸੁਤੇ ਓ ਲੰਮੀਆਂ ਤਾਣ ਲੋਕੋ।
ਲਾਹਨਤ ਹੈ ਗੁਲਾਮੀ ਦੇ ਜੀਵਨੇ ਨੂੰ, ਹੋਏ ਜਿਸ ਦੇ ਵਿਚ ਗਲਤਾਨ ਲੋਕੋ।
ਫਰਜ਼ ਆਪਣੇ ਨੂੰ ਕਾਹਨੂੰ ਭੁਲ ਬੈਠੇ, ਨੇਕੀ ਕਰੋ ਤੇ ਬਣੋ ਇਨਸਾਨ ਲੋਕੋ।

ਭਜਨ ਬਾਣੀ ਨੂੰ ਕਾਹਨੂੰ ਤਿਆਗ ਦਿਤਾ ਜੇਹੜਾ ਹੈ ਤੁਸਾਡੜੀ ਜਾਨ ਲੋਕੋ।
ਐਸਾ ਲਾਇਆ ਸਪੀਕਰ ਸੀ ਵਿਚ ਭੈਣੀ,ਗੂੰਜ ਪੈ ਗਈ ਕੁਲ ਪੰਜਾਬ ਦੇ ਵਿਚ।
ਸੁਤੇ ਖਾਲਸੇ ਨੇ ਜ਼ਰਾ ਹੋਸ਼ ਕੀਤੀ, ਆਈ ਲਹਿਰ ਆਜ਼ਾਦੀ ਸ਼ਬਾਬ ਦੇ ਵਿਚ।
ਕੂਕ ਕੂਕ ਕੇ ਕਿਹਾ ਮਸਤਾਨਿਆਂ ਨੇ, ਰਹੇ ਬਿਲਾ ਨਾ ਹੁਣ ਪੰਜਾਬ ਦੇ ਵਿਚ।
ਦੇਸ਼ ਵਿਚ ਜੇ ਗਊ ਨੂੰ ਕਸ਼ਟ ਆਵੇ, ਸਾਡਾ ਜੀਣਾਂ ਨਾ ਕਿਸੇ ਹਿਸਾਬ ਦੇ ਵਿਚ।
ਸੈਨਾਂ ਸੰਤ ਸਿਪਾਹੀਆਂ ਦੀ ਹੋਈ ਕੱਠੀ, ਤੋਪ ਮਾਲਾ ਅਠੋਤਰੀ ਗਡ ਦਿਤੀ।
ਕੂਕਾ ਹੋ ਗਿਆ ਕੁਲ ਪੰਜਾਬ ਵੇਖੋ, ਕੂਕ ਕੂਕਿਆਂ ਨੇ ਐਸੀ ਛੱਡ ਦਿਤੀ।
ਬਾਈ ਕਾਟ ਕੀਤਾ ਬਿੱਲੇ ਨਾਲ ਪੂਰਾ, ਚੀਜ਼ ਬਾਹਰਲੀ ਵਰਤਣੀ ਛੱਡ ਦਿਤੀ।
ਹੋਏ ਕਾਇਮ ਮਰਯਾਦਾ ਤੇ ਰਹਿਤ ਉਤੇ, ਗਲ ਮਨ ਮੁਖਾਂ ਵਾਲੀ ਕੱਢ ਦਿਤੀ।
ਐਸੀ ਕੰਨਾਂ ਦੇ ਵਿਚ ਉਸ ਫੂਕ ਮਾਰੀ, ਮਾਰਨ ਬੁਚੜ ਤੇ ਕਰਨ ਇਕਬਾਲ ਆਪੇ।
ਛਾਤੀ ਤਾਣ ਖਲੋ ਗਏ ਤੋਪ ਮੂਹਰੇ, ਵੇਖੋ ਆਪਣੀ ਬਣੇ ਮਿਸਾਲ ਆਪੇ।
ਮਰਨਾਂ ਸਮਝਿਆ ਚੰਗਾ ਹੈ ਜੀਵਨੇ ਤੋਂ, ਇਹਦੇ ਵਿਚ ਨਾਂ ਝੂਠ ਰਵਾਲ ਜਾਪੇ।
ਪਾਈ ਮੌਤ ਨੂੰ ਆਪ ਗਲਵਕੜੀ ਜਾ, ਛਡੇ ਮਰਦਾਂ ਨੇ ਕੁਲ ਜੰਜਾਲ ਆਪੇ।
ਆਖਰ ਆਪ ਵੀ ਟੁਰ ਪਿਆ ਚੜ੍ਹ ਗਡੇ, ਖਾਤਰ ਦੇਸ਼ ਦੀ ਕੀਹ ਕੁਝ ਵਾਰਿਆ ਨਹੀਂ।
ਗੁਰਬੇ ਗਊ ਲਈ ਟੁਰ ਪਰਦੇਸ ਗਏ,ਫੇਰਾ ਅਜੇ ਤਾਂਈ ਆਕੇ ਮਾਰਿਆ ਨਹੀਂ।
ਕਿਹਾ ਆਕੇ ਕਟਾਂ ਗਾ ਕੁਲ ਬੰਧਨ, ਵਹਿਦਾ ਅਸਾਂ ਨੇ ਅਜੇ ਵਿਸਾਰਿਆ ਨਹੀਂ।
ਕਈ ਟੁਰ ਗਏ ਤਰਸਦੇ ਦਰਸ਼ਨਾਂ ਨੂੰ, ਜਿਨ੍ਹਾਂ ਸੱਲ ਜੁਦਾਈ ਸਹਾਰਿਆ ਨਹੀਂ।
ਆਈ ਮੁੜ ਬਸੰਤ ਹੈ ਸਾਲ ਪਿਛੋਂ, ਚੀਨੀ ਵਾਲੜਾ ਐਪਰਾਂ ਨਾ ਆਇਆ।
ਉਹਦੇ ਬਾਝ ਬਸੰਤ ਸੁਹਾਂਵਦੀ ਨਹੀਂ, ਗੀਤ ਖੁਸ਼ੀ ਦਾ ਅਸਾਂ ਨੂੰ ਨਾ ਭਾਇਆ।
ਐਸਾ ਗਿਆ ਨਾ ਬਹੁੜਿਆ ਅਜੇ ਤਾਈਂ, ਮੁਕੇ ਹੰਝੂ ਉਹਨੂੰ ਤਰਸ ਨਾ ਆਇਆ।
ਐਸੀ ਬਿਰਹਾ ਦੀ ਰਾਤ ਹੋ ਗਈ ਲੰਮੀ, ਬੀਤੇ ਜੁਗ ਅਜੇ ਫੇਰਾ ਨਾ ਪਾਇਆ।
ਜਦੋਂ ਆਵੇਂਗਾ ਤੇ ਕਰਾਂ ਗੇ ਫੇਰ ਗਲਾਂ, ਤੇਰੇ ਬਾਝ ਅਸਾਂ ਕੀਹ ਕੀਹ ਦੁਖ ਸਹੇ।
ਸਾਨੂੰ ਸੋਹੇ ਗੀ ਉਦੋਂ ਬਸੰਤ ਰਾਣੀ, ਤੂੰ ਨਾ ਆਇਓਂ ਤਾਂ ਦਸ ਫਿਰ ਸੁਖ ਕਹੇ।
ਆ ਪ੍ਰੀਤਮਾਂ ਦਰਸ ਦਿਖਾ ਛੇਤੀ, ਬਹੁਤ ਹੋ ਗਈ ਹੁਣ ਤੜਪਾ ਨਾਹੀਂ।
ਦਰਸ ਦੇਹ ਤੇ ਕਰ ਨਿਹਾਲ ਸਾਨੂੰ, ਅਰਜ਼ ਕਰੇ ਅਮਰੀਕ ਤਰਸਾ ਨਾਹੀਂ।

ਰੁਬਾਈ

[ਮਿਸਤ੍ਰੀ ਖੜਕ ਸਿੰਘ ਭਮਰਾ ਕੰਪਾਲਾ

ਕਾਵਨ-ਮੇਮ ਕਿਹਾ 'ਬਿਸ਼ਨਾਂ' ਨੂੰ, ਕਿਉਂ ਮਰਦੈਂ ਹੋ ਅੱਗੇ।
ਮੁੜ ਜਾ, ਮਾਂ ਨੂੰ ਸੁਖ ਦੇਹ ਜਾਕੇ, ਮਾਰਦਿਆਂ ਦੁਖ ਲੱਗੇ।
ਬਿਸ਼ਨ ਕਿਹਾ ਮੁੜਨਾ ਨਹੀਂ ਚੰਗਾ, ਦਾਗ ਸਿੱਖੀ ਨੂੰ ਲਗਣ:
ਕਿਉਂ ਨ ਹਸ ੨ ਮਰੀਏ 'ਭਮਰਾ', ਜਦ ਜੋਤ ਸ਼ਹੀਦੀ ਜੱਗੇ।

ਉਡੀਕਾਂ

ਸ੍ਰ: ਦਲਬੀਰ ਸਿੰਘ ਜੀ ਤਰਸ ਅਸਟਰੇਲੀਆ

ਜਿਉਂ ਫੁਲਾਂ ਦੇ ਬੁਲਾਂ ਉਤੇ,
ਖਿੜ ਖਿੜ ਚੜ੍ਹਦੇ ਹਾਸੇ।
ਤਿਉਂ ਨਸ਼ੀਲੇ ਨੈਣਾਂ ਅੰਦਰ,
ਚੜ੍ਹੀਆਂ ਯਾਦਾਂ ਤੇਰੀਆਂ।

ਸਿਜਲ ਜਹੇ ਸਾਡੇ ਸੁਪਨੇ ਵਿਹੜੀਂ,
ਕੰਵਲਾਂ ਦੀ ਜੰਞ ਆਈ ਹੈ।
ਨੀਂਗਰ ਕਿਹੜੇ ਪਤਾਂ ਕਜਿਆ,
ਗੁੰਜਲਾਂ ਹੋਰ ਘਣੇਰੀਆਂ।

ਕਿਸ ਦਰ ਸਧਰ ਕਿਸ ਦਰ ਆਹਾਂ,
ਕੌਣ ਬਸੰਤਾਂ ਮਾਣੇ ਵੇ।
ਕੌਣ ਵੇ ਜਾਣੇ ਕਲੀਆਂ ਤਰੇਲਾਂ
ਜਿਸ ਨਾ ਪਲਕਾਂ ਕੇਰੀਆਂ।

ਇਸ ਚੰਨ ਉਤੇ ਉਸ ਚੰਨ ਉਤੇ,
ਮੰਡਪ ਅਸਾਂ ਬਣਾਏ ਵੇ।
ਇਸ ਅੰਬਰ ਤੇ ਉਸ ਅੰਬਰ ਤੇ,
ਭਾਲਣ ਅਖੀਆਂ ਮੇਰੀਆਂ।

ਪਿਛਲੇ ਸਾਹ ਭੀ ਤੂਹੀਓਂ ਆਇਓਂ
ਇਸ ਸਾਹ ਵਿਚ ਭੀ ਤੂਹੀਓਂ ਵੇ।
ਅਗਲੇ ਸਾਹ ਭੀ ਤੂਹੀਓਂ ਆਉਣਾ,
ਪਾਵੀਂ ਪ੍ਰੀਤਮ ਫੇਰੀਆਂ।

ਰੁਬਾਈ

ਸੂਰਜ ਚੰਨ ਵਿਚ ਗਰਮੀ ਠੰਢਕ, ਕੰਬਣੀ, ਵਿਚ ਹਵਾਵਾਂ।
ਫੁੱਲਾਂ ਵਿਚ ਖੁਸ਼ਬੋ ਹੈ ਤੇਰੀ, ਹੁਸਨਾਂ ਵਿੱਚ ਅਦਾਵਾਂ।
ਧਰਤੀ ਦੀ ਉਪਜਾਊ ਸ਼ਕਤੀ, ਤੇਰਾ ਹੀ ਥਹੁ ਦੇਂਦੀ;
ਸਾਨੂੰ ਸੁਖ ਤਾਂ ਹੋਵੇ "ਪ੍ਰੀਤਮ" ਖੋਲ੍ਹ ਮਿਲੇਂ ਜੇ ਬਾਹਵਾਂ। –ਕਵੀ

Namdhari Elibrary NamdhariElibrary@gmail.com